ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਬੁੱਧਵਾਰ, 13 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੭ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 'ਪਾਰਟੀ ਛੱਡ ਦੇ ਨਹੀਂ ਤਾਂ ਗੋਲੀ ਮਾਰ ਦੇਣੀ...', ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੂੰ ਮਿਲੀ ਧਮਕੀ



**ਚੰਡੀਗੜ੍ਹ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਇੱਕ ਪਾਸੇ ਜਿੱਥੇ ਸੂਬੇ ਦੇ ਵਿੱਚ ਲਾ ਐਂਡ ਆਰਡਰ ਦੀ ਸਥਿਤੀ ਦਿਨ ਪ੍ਰਤੀ ਦਿਨ ਖਰਾਬ ਹੁੰਦੀ ਜਾ ਰਹੀ ਹੈ ਉੱਥੇ ਹੀ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਮੋਹਾਲੀ ਤੋਂ ਮੀਤ ਪ੍ਰਧਾਨ ਸਾਹਿਲ ਗੁਪਤਾ ਨੂੰ ਧਮਕੀਆਂ ਮਿਲ ਰਹੀਆਂ ਹਨ। ਸਾਹਿਲ ਗੁਪਤਾ ਨੇ ਦੱਸਿਆ ਕਿ ਉਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਹਨਾਂ ਨੇ ਸੂਬਾ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਕਿਹਾ ਕਿ ਹੁਣ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕ ਦੁਖੀ ਹੋ ਗਏ ਹਨ, ਜਿਸ ਦਾ ਸਿੱਧਾ ਅਸਰ ਮੋਗਾ ਵਿਖੇ ਹੋਈ ਰੈਲੀ ਵਿੱਚ ਦੇਖਣ ਨੂੰ ਮਿਲਿਆ ਹੈ। ਉਹਨਾਂ ਕਿਹਾ ਕਿ ਬੀਤੇ ਕੱਲ ਮੋਹਾਲੀ ਵਿਖੇ ਪ੍ਰਵਾਸੀਆਂ ਵੱਲੋਂ ਇੱਕ ਨੌਜਵਾਨ ਦੇ ਕੀਤੇ ਕਤਲ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਸੱਚੇ ਸਿਪਾਹੀ ਹਨ ਇਥੇ ਪਾਰਟੀ ਲਈ ਵੱਧ ਚੜ ਕੇ ਕੰਮ ਕਰਦੇ ਰਹਿੰਣਗੇ।

## ਮੋਹਾਲੀ ਦੇ ਸਕੂਲਾਂ ਤੇ ਫੋਰਟਿਸ ਹਸਪਤਾਲ ਨੂੰ

# ਮੁੜ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ




**ਮੋਹਾਲੀ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੁਹਾਲੀ ਦੇ ਸਕੂਲਾਂ ਨੂੰ ਮੁੜ ਤੋਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਮਿਲੀ ਜਾਣਕਾਰੀ ਮੁਤਾਬਿਕ ਫੇਜ਼ 2 ਗਿਆਨ ਜੋਤੀ ਗਲੋਬਲ ਸਕੂਲ ਨੂੰ ਧਮਕੀ ਭਰੀ ਈਮੇਲ ਹਾਸਿਲ ਹੋਈ ਹੈ ਜਿਸ 'ਚ ਕੋਈ ਹੋਰ ਸਕੂਲਾਂ ਦਾ ਵੀ ਜਿਕਰ ਕੀਤਾ ਗਿਆ ਹੈ। ਦੱਸ ਦਈਏ ਕਿ ਸਕੂਲਾਂ ਨੂੰ ਧਮਕੀ ਮਿਲਣ ਮਗਰੋਂ ਖਾਲੀ ਕਰਵਾ ਦਿੱਤਾ ਗਿਆ ਹੈ। ਧਮਕੀ ਭਰੀ ਈਮੇਲ 'ਚ ਫੋਰਟਿਸ ਹਸਪਤਾਲ ਨੂੰ ਬੰਬ ਨਾਲ ਉਡਾਉਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਫਿਲਹਾਲ ਹੁਣ ਸੁਰੱਖਿਆ ਏਜੰਸੀਆਂ ਚੌਕਸ ਹਨ। ਕਾਬਿਲੇਗੌਰ ਹੈ ਕਿ ਪਿਛਲੇ ਹਫ਼ਤੇ, ਮੁਹਾਲੀ ਦੇ ਤਕਰੀਬਨ 16 ਸਕੂਲਾਂ ਨੂੰ ਵੀ ਇਸੇ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਸਨ। ਇਹ ਪ੍ਰਸ਼ਾਸਨ ਲਈ ਇੱਕ ਵੱਡੀ ਚੁਣੌਤੀ ਹੈ, ਕਿਉਂਕਿ ਸੀਬੀਐਸਈ ਗਣਿਤ ਦੀ ਪ੍ਰੀਖਿਆ ਅੱਜ ਹੋਣ ਵਾਲੀ ਹੈ। ਅਜਿਹੀ ਸਥਿਤੀ ਵਿੱਚ, ਪੁਲਿਸ ਨੂੰ ਉਨ੍ਹਾਂ ਸਕੂਲਾਂ ਦੀ ਜਾਂਚ ਕਰਨੀ ਪਵੇਗੀ ਜਿੱਥੇ ਪ੍ਰੀਖਿਆ ਕੇਂਦਰ ਬਣਾਏ ਗਏ ਹਨ ਅਤੇ ਜਲਦੀ ਤੋਂ ਜਲਦੀ ਪ੍ਰੀਖਿਆ ਕਰਵਾਉਣੀ ਪਵੇਗੀ।

## ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦੇ ਪਹਿਲੇ ਪੜਾਅ ਦਾ ਵਜਾਇਆ ਬਿਗਲ



**ਬਟਾਲਾ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਦੇ ਪਹਿਲੇ ਪੜਾਅ ਲਈ ਬਿਗਲ ਵਜਾਉਂਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਜਿਹੜਾ ਤੂਫਾਨ ਦਿੱਲੀ ਆਧਾਰਿਤ ਸਾਰੀਆਂ ਪਾਰਟੀਆਂ ਨੂੰ ਪੰਜਾਬ ਵਿਚੋਂ ਬਾਹਰ ਕਰ ਦੇਵੇਗਾ, ਉਹ ਸ਼ੁਰੂ ਹੋ ਗਿਆ ਹੈ। ਉਹਨਾਂ ਨੇ ਕਿਸਾਨਾਂ ਦੀ ਭਲਾਈ, ਦਰਿਆਵਾਂ 'ਤੇ ਪੱਕੇ ਬੰਨ, ਕਮਜ਼ੋਰ ਵਰਗਾਂ ਲਈ ਅਪਗ੍ਰੇਡਡ ਭਲਾਈ ਸਕੀਮਾਂ, ਨੌਜਵਾਨਾਂ ਲਈ 10 ਲੱਖ ਰੁਪਏ ਵਿਆਜ਼ ਰਹਿਤ ਕਰਜ਼, ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਦੇਣ ਅਤੇ ਗੈਂਗਸਟਰਵਾਦ ਤੇ ਨਸ਼ਾ ਮਾਫੀਆ ਖ਼ਤਮ ਕਰਨ ਸਮੇਤ ਅਨੇਕਾਂ ਵਚਨਬੱਧਤਾਵਾਂ ਪ੍ਰਗਟਾਈਆਂ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨਾ ਸਿਰਫ ਭ੍ਰਿਸ਼ਟ ਹਨ ਬਲਕਿ ਉਹਨਾਂ ਨੇ ਆਸਟਰੇਲੀਆ ਵਿਚ 2500 ਏਕੜ ਜ਼ਮੀਨ ਵੀ ਬਣਾ ਲਈ ਹੈ ਤੇ ਉਹ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਸਮਝੌਤੇ ਵਾਸਤੇ ਪੱਬਾਂ ਭਾਰ ਹਨ। ਉਹਨਾਂ ਕਿਹਾ ਕਿ ਜਿਹੜੀ ਫਾਈਲ ਕੇਂਦਰ ਸਰਕਾਰ ਨੇ ਭਗਵੰਤ ਮਾਨ ਦੇ ਖਿਲਾਫ ਤਿਆਰ ਕੀਤੀ ਹੈ, ਉਸ ਕਾਰਨ ਉਹ ਐਸ ਵਾਈ ਐਲ ਨਹਿਰ ਰਾਹੀਂ ਦਰਿਆਈ ਪਾਣੀ ਹਰਿਆਣਾ ਨੂੰ ਦੇਣ ਦੇ ਮਾਮਲੇ ਵਿਚ ਆਪਣਾ ਸਟੈਂਡ ਨਰਮ ਕਰਨ ਲਈ ਮਜਬੂਰ ਹੋਏ ਹਨ। ਉਹਨਾਂ ਕਿਹਾ ਕਿ ਉਹ ਸਪਸ਼ਟ ਕਰਨਾ ਚਾਹੁੰਦੇ ਹਨ। ਅਸੀਂ ਪਹਿਲਾਂ ਵੀ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਤੇ ਹੁਣ ਵੀ ਅਸੀਂ ਐਸ ਵਾਈ ਐਲ ਰਾਹੀਂ ਪਾਣੀ ਦੀ ਇਕ ਬੂੰਦ ਵੀ ਸੂਬੇ ਵਿਚੋਂ ਬਾਹਰ ਨਹੀਂ ਜਾਣ ਦਿਆਂਗੇ ਭਾਵੇਂ ਜਿੰਨੀਆਂ ਮਰਜ਼ੀਆਂ ਕੁਰਬਾਨੀਆਂ ਦੇਣੀਆਂ ਪੈ ਜਾਣ। ਉਹਨਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਪੰਜਾਬ ਇਸ ਕਰਕੇ ਸੰਤਾਪ ਹੰਢਾ ਰਿਹਾ ਹੈ ਕਿਉਂਕਿ ਆਮ ਆਦਮੀ ਪਾਰਟੀ ਕੇਂਦਰ ਸਰਕਾਰ ਦੇ ਖਿਲਾਫ ਪੰਜਾਬ ਦੇ ਹੱਕ ਵਿਚ ਬੋਲਣ ਵਾਸਤੇ ਤਿਆਰ ਨਹੀਂ ਹੈ।

## ਜਲੰਧਰ 'ਚ ਗ੍ਰਿ.ਫਤਾਰ ਹੋਏ 4 ਨਕਲੀ ਪੁਲਸ ਮੁਲਾਜ਼ਮ !

**ਜਲੰਧਰ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਵਿਚ ਵੱਧ ਰਹੀਆਂ ਅਪਰਾਧਿਕ ਵਾਰਦਾਤਾਂ ਦਰਮਿਆਨ ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਇਕ ਅਜਿਹੇ ਗਿਰੋਹ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ ਜੋ ਨਕਲੀ ਪੁਲਸ ਕਰਮਚਾਰੀ ਬਣ ਕੇ ਸ਼ਹਿਰ ਵਿੱਚ ਲੁੱਟਾਂ-ਖੋਹਾਂ ਕਰਦੇ ਸਨ। ਪੁਲਸ ਨੇ ਇਸ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8 ਮੋਬਾਇਲ ਫ਼ੋਨ, 3 ਮੋਟਰਸਾਈਕਲ ਅਤੇ ਇਕ ਦਾਤਰ ਬਰਾਮਦ ਕੀਤਾ ਹੈ। ਪੁਲਸ ਅਨੁਸਾਰ ਫੜੇ ਗਏ ਮੁਲਜ਼ਮਾਂ ਦੀ ਪਛਾਣ ਕਰਨਵੀਰ ਸਿੰਘ ਉਰਫ਼ ਕਰਨ, ਸਰਬਜੀਤ ਸਿੰਘ ਸ਼ੈਂਟੀ, ਅਮਨਪਾਲ ਸਿੰਘ ਰਿੱਕੂ ਅਤੇ ਮਨਪ੍ਰੀਤ ਸਿੰਘ ਉਰਫ਼ ਮੰਤਰ ਵਜੋਂ ਹੋਈ ਹੈ। ਇਹ ਚਾਰੇ ਮੁਲਜ਼ਮ ਕੋਟ ਬਾਬਾ ਦੀਪ ਸਿੰਘ ਨਗਰ ਦੇ ਰਹਿਣ ਵਾਲੇ ਹਨ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਰਾਤ ਦੇ ਸਮੇਂ ਮੋਟਰਸਾਈਕਲ 'ਤੇ ਨਿਕਲਦੇ ਸਨ ਅਤੇ ਇਕੱਲੇ ਰਾਹਗੀਰਾਂ ਨੂੰ ਡਰਾ-ਧਮਕਾ ਕੇ ਲੁੱਟ ਲੈਂਦੇ ਸਨ। ਖ਼ਾਸ ਗੱਲ ਇਹ ਹੈ ਕਿ ਮੁਲਜ਼ਮ ਖ਼ਾਕੀ ਪੱਗਾਂ ਬੰਨ੍ਹ ਕੇ ਅਤੇ ਥਾਣੇਦਾਰਾਂ ਵਾਲੇ ਜੁੱਤੀਆਂ ਪਾ ਕੇ ਪੁਲਸ ਮੁਲਾਜ਼ਮ ਹੋਣ ਦਾ ਭੁਲੇਖਾ ਪਾਉਂਦੇ ਸਨ।



ਕਰਨਵੀਰ ਅਤੇ ਅਮਨਪਾਲ ਅਕਸਰ ਵਰਦੀ ਵਾਲੀਆਂ ਪੱਗਾਂ ਅਤੇ ਜੁੱਤੀਆਂ ਪਾ ਕੇ ਉੱਪਰੋਂ ਜੈਕਟ ਪਾ ਲੈਂਦੇ ਸਨ, ਜਦਕਿ ਸਰਬਜੀਤ ਸਾਦੇ ਕੱਪੜਿਆਂ ਵਿੱਚ ਹੁੰਦਾ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 13 ਜਨਵਰੀ ਦੀ ਰਾਤ ਨੂੰ ਕਰੀਬ ਪੌਣੇ ਇਕ ਵਜੇ ਰਾਜ ਕੁਮਾਰ ਸ਼ਰਮਾ ਅਤੇ ਉਸ ਦਾ ਦੋਸਤ ਦਿੱਲੀ ਤੋਂ ਰੇਲਵੇ ਸਟੇਸ਼ਨ ਪਹੁੰਚੇ ਸਨ। ਜਦੋਂ ਉਹ ਪੈਦਲ ਬੱਸ ਅੱਡੇ ਵੱਲ ਜਾ ਰਹੇ ਸਨ ਤਾਂ ਲਾਡੋਵਾਲੀ ਰੋਡ 'ਤੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਨਕਲੀ ਪੁਲਸ ਵਾਲਿਆਂ ਨੇ ਦੇਰ ਰਾਤ ਘੁੰਮਣ ਦਾ ਕਾਰਨ ਪੁੱਛਦਿਆਂ ਉਨ੍ਹਾਂ ਨੂੰ ਡਰਾਇਆ ਅਤੇ 9660 ਰੁਪਏ ਅਤੇ ਇਕ ਆਈਫੋਨ ਖੋਹ ਕੇ ਫਰਾਰ ਹੋ ਗਏ। ਥਾਣਾ ਨਵੀਂ ਬਾਰਾਂਦਰੀ ਦੇ ਐੱਸ. ਐੱਚ. ਓ. ਰਵਿੰਦਰ ਕੁਮਾਰ ਦੀ ਟੀਮ ਨੇ ਪੀੜਤ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਇਲਾਕੇ ਦੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ। ਮੁਲਜ਼ਮਾਂ ਦੇ ਮੋਟਰਸਾਈਕਲ 'ਤੇ ਨੰਬਰ ਪਲੇਟ ਨਹੀਂ ਸੀ। ਜਦੋਂ ਮੁਲਜ਼ਮ ਦੋਬਾਰਾ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਇਲਾਕੇ ਵਿੱਚ ਘੁੰਮ ਰਹੇ ਸਨ ਤਾਂ ਪੁਲਸ ਨੇ ਉਨ੍ਹਾਂ ਨੂੰ ਦਬੋਚ ਲਿਆ। ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਪਹਿਲਾਂ ਘੁੰਮ-ਫਿਰ ਕੇ ਚਸ਼ਮੇ ਵੇਚਣ ਦਾ ਕੰਮ ਕਰਦੇ ਸਨ ਪਰ ਨਸ਼ੇ ਦੀ ਆਦਤ ਲੱਗਣ ਕਾਰਨ ਉਨ੍ਹਾਂ ਨੇ ਦੋ ਮਹੀਨੇ ਪਹਿਲਾਂ ਇਹ ਗਿਰੋਹ ਬਣਾ ਲਿਆ ਸੀ। ਮੁਲਜ਼ਮਾਂ ਨੇ ਕਬੂਲਿਆ ਹੈ ਕਿ ਉਹ ਪਿਛਲੇ ਦੋ ਮਹੀਨਿਆਂ ਵਿੱਚ ਕਈ ਵਾਰਦਾਤਾਂ ਕਰਕੇ ਚੁੱਕੇ ਹਨ। ਇਕ ਘਟਨਾ 'ਚ ਉਨ੍ਹਾਂ ਨੇ ਇਕ ਮਜ਼ਦੂਰ ਨੂੰ ਉਸ ਦੀ ਬਾਈਕ 'ਤੇ ਤਿੰਨ ਸਵਾਰੀਆਂ ਬਿਠਾਉਣ ਦੇ ਨਾਂ 'ਤੇ ਡਰਾਇਆ ਅਤੇ ਉਸ ਦੀ ਬਾਈਕ ਹੀ ਲੈ ਕੇ ਫਰਾਰ ਹੋ ਗਏ ਸਨ।

## ਖਾਰਖਰ ਨਵੀਂ ਮੁੰਬਈ ਵਿਖੇ 'ਚ ਹੋਣ ਜਾ ਰਹੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ

### 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਮਨਾ ਕੇ ਮੁੱਖ ਮੰਤਰੀ ਫੜਨਵੀਸ ਨੇ ਆਪਣੀ ਵੱਚਨਬੱਧਤਾ ਨੂੰ ਇੰਨ ਬਿੰਨ੍ਹ ਪੂਰਾ ਕੀਤਾ-ਗਿ.ਹਰਨਾਮ ਸਿੰਘ ਖਾਲਸਾ





**ਚੌਕ ਮਹਿਤਾ,17 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ**-ਮਹਾਰਾਸ਼ਟਰ ਵਿਖੇ ਤੀਸਰੇ ਪੜਾਅ 'ਚ ਖਾਰਗਰ (ਨਵੀਂ ਮੁੰਬਈ) ਦੇ ਉਵੇ ਮੈਦਾਨ ਵਿਖੇ 28 ਫਰਵਰੀ ਦਿਨ ਸ਼ਨੀਵਾਰ ਤੇ 01 ਮਾਰਚ ਦਿਨ ਐਤਵਾਰ ਨੂੰ ਰਾਜ ਪੱਧਰ 'ਤੇ ਮਨਾਏ ਜਾ ਰਹੇ 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦੇ ਚੱਲਦਿਆਂ ਗਰਾਊਂਡ ਅੰਦਰ ਸੁੰਦਰ ਪੰਡਾਲ ਦਾ ਨਿਰਮਾਣ ਕਾਰਜ ਸੂਰੂ ਕਰ ਦਿੱਤਾ ਗਿਆ ਹੈ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਸਹਿਯੋਗ ਨਾਲ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਦੀ ਰਹਿਨੁਮਾਈ ਹੇਠ ਹੋ ਰਹੇ ਇੰਨ੍ਹਾਂ ਦੋ ਦਿਨਾਂ ਧਾਰਮਿਕ ਸਮਾਗਮਾਂ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ।ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੀਆਂ ਪ੍ਰਮੁੱਖ ਧਾਰਮਿਕ,ਰਾਜਨੀਤਿਕ ਤੇ ਸਮਾਜਿਕ ਹਸਤੀਆਂ ਸਮਾਗਮਾਂ 'ਚ ਹਾਜ਼ਰੀ ਭਰਨਗੀਆਂ। ਇਸ ਮੌਕੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਨੇ ਸਿੱਖ ਕੌਮ ਦੇ ਸ਼ਾਨਦਾਰ ਤੇ ਕੁਰਬਾਨੀਆਂ ਨਾਲ ਭਰੇ ਮਾਣਮੱਤੇ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਆਪਣਾ ਸੰਕਲਪ ਦਹਰਾਉਂਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗਲ ਕਾਲ ਦੌਰਾਨ ਧਰਮ ਤੇ ਸੱਚਾਈ ਲਈ ਆਪਣਾ ਸ਼ੀਸ ਨੌਸ਼ਾਵਰ ਕਰ ਦਿੱਤਾ ਤੇ ਢਾਲ ਬਣ ਕੇ ਹਿੰਦੂ ਸਮਾਜ ਤੇ ਸੱਭਿਆਚਾਰ ਦੀ ਰੱਖਿਆ ਲਈ ਕੁਰਬਾਨੀ ਦਿੱਤੀ,ਜੋ ਸਵੈ-ਧਰਮ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪ੍ਰਤੀਕ ਹੈ।ਉਨ੍ਹਾਂ ਨੇ ਕਿਹਾ ਕਿ ਸਿੱਖ ਸਮੁਦਾਏ ਮਹਾਰਾਸ਼ਟਰ ਦਾ ਅਭਿੰਨ ਅੰਗ ਹੈ ਤੇ ਅੱਜ ਗੁਰੂ ਸਾਹਿਬਾਂ ਦੇ ਸ਼ਤਾਬਦੀ ਸਮਾਗਮ ਮਨਾ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਤੇ ਮਾਣ ਹਾਸਲ ਹੋ ਰਿਹਾ ਹੈ ।ਸ੍ਰੀ ਫੜਨਵੀਸ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਆਪਣੇ ਸਿੱਖ ਭਰਾਵਾਂ ਦੇ ਨਾਲ ਮਿਲ ਕੇ ਅੱਗੇ ਵੀ ਗੁਰੂ ਸਹਿਬਾਨਾਂ ਦੇ ਗੁਰਪੁਰਬ ਪੂਰੀ ਸ਼ਰਧਾਂ ਤੇ ਸਤਿਕਾਰ ਨਾਲ ਮਨਾਉਂਦੀ ਰਹੇਗੀ। ਇਸ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਪ੍ਰਤੀ ਦਿਖਾਏ ਜਾ ਰਹੇ ਉਤਸ਼ਾਹ ਦਾ ਧੰਨਵਾਦ ਕਰਦਿਆ ਕਿਹਾ ਕਿ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੀ ਸੂਬੇ ਦੇ ਸਿੱਖ ਸਮਾਜ ਨਾਲ ਕੀਤੀ ਆਪਣੀ ਵੱਚਨਬੱਧਤਾ ਇੰਨ ਬਿੰਨ੍ਹ ਪੂਰੇ ਕੀਤੇ ਜਾਣਾ ਕੌਮ ਲਈ ਵੱਡੀ ਸੌਗਾਤ ਤੇ ਬਹੁਤ ਮਾਣ ਵਾਲੀ ਗੱਲ ਹੈ ।ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਸਰਕਾਰ ਵੱਲੋਂ ਰਾਜ ਪੱਧਰ ਮਨਾਉਂਦੇ ਹੋਏ ਸ੍ਰੀ ਦੇਵੇਂਦਰ ਫੜਨਵੀਸ ਨੇ ਸਿੱਖ ਗੁਰੂਆਂ ਪ੍ਰਤੀ ਆਪਣੀ ਅਥਾਹ ਸ਼ਰਧਾ ਨੂੰ ਪੂਰੀ ਨਿਮਰਤਾ ਤੇ ਭਾਵਨਾਪੂਰਕਤਾ ਨਾਲ ਪ੍ਰਗਟ ਕੀਤਾ ਹੈ,ਜਿਸ ਲਈ ਸਮੁੱਚੀ ਸਿੱਖ ਕੌਮ ਉਨ੍ਹਾਂ ਵੱਲੋਂ ਦਿੱਤੇ ਗਏ ਪਿਆਰ ਤੇ ਮਾਣ ਦੀ ਸਦਾ ਰਿਣੀ ਹੈ ।ਦਮਦਮੀ ਟਕਸਾਲ ਮੁਖੀ ਨੇ ਕਿਹਾ ਇਸਤੋਂ ਪਹਿਲਾਂ ਵੀ ਸ੍ਰੀ ਫੜਨਵੀਸ ਨੇ ਸਿੱਖ ਆਨੰਦ ਕਾਰਜ ਐਕਟ ਲਾਗੂ ਕਰਕੇ ਤੇ ਸਿੱਖ ਇਤਿਹਾਸ ਨੂੰ ਸੂਬੇ ਦੇ ਪਾਠਕ੍ਰਮ 'ਚ ਸ਼ਾਮਿਲ ਹੋਣ ਦਾ ਪ੍ਰਸਤਾਵ ਪਾਸ ਕਰਕੇ ਸਿੱਖ ਕੌਮ ਨੂੰ ਵੱਡਾ ਤੋਹਫਾ ਦਿੱਤਾ ਹੈ।

## ਕਿਸਾਨਾਂ ਦਾ ਤਿੱਖਾ ਰੋਸ , ਅਮਰੀਕੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਸਾੜੇ ਪੁਤਲੇ



**ਮੁਕਤਸਰ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੁਕਤਸਰ ਦੇ ਡੀਸੀ ਦਫਤਰ ਸਾਹਮਣੇ ਅੱਜ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜੇ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਵਪਾਰ ਸਮਝੌਤਾ ਦੇਸ਼ ਦੇ ਹਿੱਤਾਂ ਦੇ ਖਿਲਾਫ ਹੈ। ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਕਾਲ 'ਤੇ ਇਹ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਿੱਡਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੇ ਸੱਦੇ 'ਤੇ ਅੱਜ ਡੀਸੀ ਦਫਤਰ ਸਾਹਮਣੇ ਰੋਸ਼ ਪ੍ਰਦਰਸ਼ਨ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜੇ ਗਏ। ਉਨ੍ਹਾਂ ਦਾ ਆਰੋਪ ਸੀ ਕਿ ਕੇਂਦਰ ਸਰਕਾਰ ਵੱਲੋਂ ਕੀਤਾ ਗਿਆ ਅਮਰੀਕਾ ਨਾਲ ਵਪਾਰ ਸਮਝੌਤਾ ਦੇਸ਼ ਦੇ ਕਿਸਾਨਾਂ, ਵਪਾਰੀਆਂ ਅਤੇ ਆਮ ਜਨਤਾ ਲਈ ਨੁਕਸਾਨਦਾਇਕ ਸਾਬਤ ਹੋਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਬਾਹਰੋਂ ਆਉਣ ਵਾਲੇ ਫਲ ਅਤੇ ਹੋਰ ਖੇਤੀ ਉਤਪਾਦਾਂ ਨਾਲ ਦੇਸ਼ ਦੇ ਬਾਗਬਾਨ ਅਤੇ ਕਿਸਾਨਾਂ ਨੂੰ ਵੱਡਾ ਝਟਕਾ ਲੱਗੇਗਾ ਅਤੇ ਬਾਜ਼ਾਰ ਵਿੱਚ ਕੀਮਤਾਂ ਵਧਣ ਕਾਰਨ ਆਮ ਲੋਕਾਂ 'ਤੇ ਵੀ ਅਸਰ ਪਵੇਗਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਸਰਕਾਰਾਂ ਨੂੰ ਆਪਣੇ ਦੇਸ਼ ਦੇ ਕਿਸਾਨਾਂ ਨੂੰ ਮਜ਼ਬੂਤ ਕਰਨ ਲਈ ਸਹਾਇਤਾ ਦੇਣੀ ਚਾਹੀਦੀ ਹੈ, ਨਾ ਕਿ ਵਿਦੇਸ਼ੀ ਸਮਝੌਤਿਆਂ ਰਾਹੀਂ ਉਨ੍ਹਾਂ ਨੂੰ ਮੁਕਾਬਲੇ ਵਿੱਚ ਕਮਜ਼ੋਰ ਕਰਨਾ ਚਾਹੀਦਾ ਹੈ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਪਹਿਲਾਂ ਹੋਏ ਕਿਸਾਨ ਅੰਦੋਲਨਾਂ ਅਤੇ ਸਰਹੱਦੀ ਧਰਨਿਆਂ ਦੌਰਾਨ ਵੀ ਕਿਸਾਨ ਹੱਕਾਂ ਲਈ ਲੰਬਾ ਸੰਘਰਸ਼ ਕੀਤਾ ਗਿਆ ਸੀ ਅਤੇ ਹੁਣ ਵੀ ਜੇਕਰ ਇਹ ਸਮਝੌਤਾ ਵਾਪਸ ਨਾ ਲਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।

# ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਿਰੁੱਧ ਝੂਠਾ ਕੂੜ ਪ੍ਰਚਾਰ ਫੈਲਾਉਣ ਦੀ ਕੋਝੀ ਸਾਜ਼ਿਸ਼ ਦੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਨਿੰਦਾ

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਿਰੁੱਧ ਝੂਠਾ ਕੂੜ ਪ੍ਰਚਾਰ ਫੈਲਾਉਣ ਦੀ ਕੋਝੀ ਸਾਜ਼ਿਸ਼ ਦੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਨਿੰਦਾ ਕੀਤੀ ਗਈ ਹੈ। ਇਸ ਸਬੰਧੀ ਜਾਰੀ ਆਦੇਸ਼ ਦੀ ਹੂਬਹੂ ਕਾਪੀ ਅਸੀਂ ਇੱਥੇ ਪ੍ਰਕਾਸ਼ਤ ਕਰ ਰਹੇ ਹਾਂ :

------------------

ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਸਿੱਖ ਸੰਗਤਾਂ ਦੇ ਅੰਦਰ ਵਹਿਮ, ਅਫਵਾਹਾਂ ਅਤੇ ਕੂੜ ਪ੍ਰਚਾਰ ਫੈਲਾਉਣ ਦੀ ਇੱਕ ਕੋਝੀ ਕੋਸ਼ਿਸ਼ ਨਜ਼ਰ ਆ ਰਹੀ ਹੈ, ਜੋ ਬਹੁਤ ਹੀ ਮੰਦਭਾਗੀ, ਨਿੰਦਣਯੋਗ ਅਤੇ ਪੰਥਕ ਏਕਤਾ ਲਈ ਹਾਨੀਕਾਰਕ ਹੈ। ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ, ਜੋ ਦੇਸ਼ਾਂ-ਵਿਦੇਸ਼ਾਂ ਵਿੱਚ ਗੁਰਮਤਿ ਦੇ ਪ੍ਰਚਾਰ ਪ੍ਰਸਾਰ, ਅੰਮ੍ਰਿਤ ਸੰਚਾਰ ਸਮਾਗਮਾਂ ਅਤੇ ਸਿੱਖੀ ਦੀ ਨਿਸ਼ਕਾਮ ਸੇਵਾ ਰਾਹੀਂ ਕੌਮ ਦੀ ਲਗਾਤਾਰ ਸੇਵਾ ਕਰ ਰਹੇ ਹਨ, ਉਨ੍ਹਾਂ ਦੀ ਵਧਦੀ ਲੋਕਪ੍ਰਿਯਤਾ ਅਤੇ ਪ੍ਰਭਾਵ ਤੋਂ ਘਬਰਾਕੇ ਕੁਝ ਸ਼ਰਾਰਤੀ ਤੇ ਪੰਥ ਵਿਰੋਧੀ ਅਨਸਰ ਝੂਠੇ ਦੋਸ਼ ਲਗਾ ਕੇ ਕਿਰਦਾਰ ਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਹੋ ਜਿਹੀ ਕੂੜ ਪ੍ਰਚਾਰ ਮੁਹਿੰਮ ਨਾ ਸਿਰਫ਼ ਨਿੰਦਣਯੋਗ ਹੈ, ਬਲਕਿ ਪੰਥਕ ਮਰਿਆਦਾ ਅਤੇ ਮਹਾਂਪੁਰਖਾਂ ਦੀ ਸ਼ਾਨ ਵਿਰੁੱਧ ਵੀ ਹੈ। ਸੰਤਾਂ ਮਹਾਂਪੁਰਖਾਂ ਦੀ ਇੱਜ਼ਤ ਅਤੇ ਗੁਰਮਤ ਦੇ ਪ੍ਰਚਾਰਕਾਂ ਵਿਰੁੱਧ ਕੀਤੀ ਜਾ ਰਹੀ ਇਹ ਗਲਤ ਬਿਆਨਬਾਜ਼ੀ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਸੀਂ ਸਖ਼ਤ ਸ਼ਬਦਾਂ ਵਿੱਚ ਐਸੇ ਅਨਸਰਾਂ ਨੂੰ ਚੇਤਾਵਨੀ ਦਿੰਦੇ ਹਾਂ ਕਿ ਝੂਠਾ ਪ੍ਰਚਾਰ, ਅਫਵਾਹਾਂ ਅਤੇ ਭਰਮ ਪੈਦਾ ਕਰਨ ਵਾਲੀ ਹਰ ਕਿਸਮ ਦੀ ਗਲਤ ਵਿਆਖਿਆ ਤੁਰੰਤ ਬੰਦ ਕੀਤੀ ਜਾਵੇ।

ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਮਾਣਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਜੀ ਵੱਲੋਂ ਸਾਰੀ ਸੰਗਤ ਨੂੰ ਅਗਾਹ ਕਰਦੇ ਹੋਏ ਆਦੇਸ਼ ਹੈ ਕਿ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਝੂਠੇ ਪ੍ਰਚਾਰ, ਅਫਵਾਹ ਜਾਂ ਗਲਤ ਬਿਆਨਬਾਜ਼ੀ ਨੂੰ ਤੁਰੰਤ ਰੋਕਿਆ ਜਾਵੇ ਅਤੇ ਐਸੀਆਂ ਹਰਕਤਾਂ ਤੋਂ ਦੂਰ ਰਹਿੰਦੇ ਹੋਏ ਗੁਰਮਤ ਅਨੁਸਾਰ ਚਲਿਆ ਜਾਵੇ। ਨਾਲ ਹੀ, ਸਾਰੀ ਸਿੱਖ ਸੰਗਤ ਨੂੰ ਸਨਿਮਰ ਅਪੀਲ ਹੈ ਕਿ ਬਿਨਾਂ ਪੱਕੀ ਜਾਂਚ ਪੜਤਾਲ ਕਿਸੇ ਵੀ ਸੁਨੇਹੇ, ਵੀਡੀਓ ਜਾਂ ਪੋਸਟ ਨੂੰ ਅੱਗੇ ਨਾ ਵਧਾਇਆ ਜਾਵੇ। ਸਿਆਣਪ, ਸੰਯਮ ਅਤੇ ਗੁਰਮਤ ਦੇ ਮਾਰਗ 'ਤੇ ਟਿਕੇ ਰਹਿੰਦੇ ਹੋਏ ਪੰਥ ਦੀ ਇਕਤਾ ਅਤੇ ਚੜ੍ਹਦੀ ਕਲਾ ਨੂੰ ਕਾਇਮ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਆਓ ਅਸੀਂ ਸਭ ਮਿਲ ਕੇ ਕੂੜ ਪ੍ਰਚਾਰ ਤੋਂ ਬਚੀਏ, ਸੱਚ ਅਤੇ ਗੁਰਬਾਣੀ ਦੇ ਰਾਹ 'ਤੇ ਡਟੇ ਰਹੀਏ ਅਤੇ ਪੰਥਕ ਏਕਤਾ ਨੂੰ ਹੋਰ ਮਜ਼ਬੂਤ ਬਣਾਈਏ।

ਵਾਹਿਗੁਰੂ ਜੀ ਸਾਰੀ ਸੰਗਤ ਨੂੰ ਸੂਝਬੂਝ ਬਖ਼ਸ਼ਣ, ਪੰਥ ਨੂੰ ਏਕਤਾ ਇਤਫ਼ਾਕ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਸੱਚ ਦੀ ਸਦਾ ਜਿੱਤ ਕਰਵਾਉਣ।

ਆਵਾਜ਼ਿ ਕੌਮ AWAZE QAUM
International Newspaper & WEB TV

ੴ ਸਤਿਗੁਰ ਪ੍ਰਸਾਦਿ
॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥
॥ ਹਰਿ ਸਚੇ ਤਖ਼ਤ ਰਚਾਇਆ ॥
ਪ੍ਰਕਾਸ਼ ਅਸਥਾਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ:੯)



## ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
## TAKHAT SRI HARIMANDIR JI, PATNA SAHIB

ਪਟਨਾ- 800008, ਬਿਹਾਰ (ਭਾਰਤ) Patna - 800008, Bihar (India)
Email: headgranthipatnasahib@gmail.com

ਪੱਤਰ ਨੰ. ਤਪਸ ੪੯/ਹ/੨੦੨੬ — ਮਿਤੀ...੧੭/੦੨/੨੦੨੬..

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ।।

ਪੰਜ ਪਿਆਰੇ ਸਿੰਘ ਸਾਹਿਬਾਨ ਜੀ ਵੱਲੋਂ ਆਦੇਸ਼

ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਸਿੱਖ ਸੰਗਤਾਂ ਦੇ ਅੰਦਰ ਵਹਿਮ, ਅਫਵਾਹਾਂ ਅਤੇ ਕੂੜ ਪ੍ਰਚਾਰ ਫੈਲਾਉਣ ਦੀ ਇੱਕ ਕੋਝੀ ਕੋਸ਼ਿਸ਼ ਨਜ਼ਰ ਆ ਰਹੀ ਹੈ, ਜੋ ਬਹੁਤ ਹੀ ਮੰਦਭਾਗੀ, ਨਿੰਦਣਯੋਗ ਅਤੇ ਪੰਥਕ ਏਕਤਾ ਲਈ ਹਾਨੀਕਾਰਕ ਹੈ। ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ, ਜੋ ਦੇਸ਼ਾਂ–ਵਿਦੇਸ਼ਾਂ ਵਿੱਚ ਗੁਰਮਤਿ ਦੇ ਪ੍ਰਚਾਰ ਪ੍ਰਸਾਰ, ਅੰਮ੍ਰਿਤ ਸੰਚਾਰ ਸਮਾਗਮਾਂ ਅਤੇ ਸਿੱਖੀ ਦੀ ਨਿਸ਼ਕਾਮ ਸੇਵਾ ਰਾਹੀਂ ਕੌਮ ਦੀ ਲਗਾਤਾਰ ਸੇਵਾ ਕਰ ਰਹੇ ਹਨ, ਉਨ੍ਹਾਂ ਦੀ ਵਧਦੀ ਲੋਕਪ੍ਰਿਯਤਾ ਅਤੇ ਪ੍ਰਭਾਵ ਤੋਂ ਘਬਰਾਕੇ ਕੁਝ ਸ਼ਰਾਰਤੀ ਤੇ ਪੰਥ ਵਿਰੋਧੀ ਅਨਸਰ ਝੂਠੇ ਦੋਸ਼ ਲਗਾ ਕੇ ਕਿਰਦਾਰ ਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਹੋ ਜਿਹੀ ਕੂੜ ਪ੍ਰਚਾਰ ਮੁਹਿੰਮ ਨਾ ਸਿਰਫ਼ ਨਿੰਦਣਯੋਗ ਹੈ, ਬਲਕਿ ਪੰਥਕ ਮਰਿਆਦਾ ਅਤੇ ਮਹਾਂਪੁਰਖਾਂ ਦੀ ਸ਼ਾਨ ਦੇ ਵਿਰੁੱਧ ਵੀ ਹੈ। ਸੰਤਾਂ ਮਹਾਂਪੁਰਖਾਂ ਦੀ ਇੱਜ਼ਤ ਅਤੇ ਗੁਰਮਤ ਦੇ ਪ੍ਰਚਾਰਕਾਂ ਵਿਰੁੱਧ ਕੀਤੀ ਜਾ ਰਹੀ ਇਹ ਗਲਤ ਬਿਆਨਬਾਜ਼ੀ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਸੀਂ ਸਖ਼ਤ ਸ਼ਬਦਾਂ ਵਿੱਚ ਐਸੇ ਅਨਸਰਾਂ ਨੂੰ ਚੇਤਾਵਨੀ ਦਿੰਦੇ ਹਾਂ ਕਿ ਝੂਠਾ ਪ੍ਰਚਾਰ, ਅਫਵਾਹਾਂ ਅਤੇ ਭਰਮ ਪੈਦਾ ਕਰਨ ਵਾਲੀ ਹਰ ਕਿਸਮ ਦੀ ਗਲਤ ਵਿਆਖਿਆ ਤੁਰੰਤ ਬੰਦ ਕੀਤੀ ਜਾਵੇ।


ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਮਾਣਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਜੀ ਵੱਲੋਂ ਸਾਰੀ ਸੰਗਤ ਨੂੰ ਅਗਾਹ ਕਰਦੇ ਹੋਏ ਆਦੇਸ਼ ਹੈ ਕਿ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਝੂਠੇ ਪ੍ਰਚਾਰ, ਅਫਵਾਹ ਜਾਂ ਗਲਤ ਬਿਆਨਬਾਜ਼ੀ ਨੂੰ ਤੁਰੰਤ ਰੋਕਿਆ ਜਾਵੇ ਅਤੇ ਐਸੀਆਂ ਹਰਕਤਾਂ ਤੋਂ ਦੂਰ ਰਹਿੰਦੇ ਹੋਏ ਗੁਰਮਤ ਅਨੁਸਾਰ ਚਲਿਆ ਜਾਵੇ। ਨਾਲ ਹੀ, ਸਾਰੀ ਸਿੱਖ ਸੰਗਤ ਨੂੰ ਸਨਿਮਰ ਅਪੀਲ ਹੈ ਕਿ ਬਿਨਾਂ ਪੱਕੀ ਜਾਂਚ ਪੜਤਾਲ ਕਿਸੇ ਵੀ ਸੁਨੇਹੇ, ਵੀਡੀਓ ਜਾਂ ਪੋਸਟ ਨੂੰ ਅੱਗੇ ਨਾ ਵਧਾਇਆ ਜਾਵੇ। ਸਿਆਣਪ, ਸੰਯਮ ਅਤੇ ਗੁਰਮਤ ਦੇ ਮਾਰਗ 'ਤੇ ਟਿਕੇ ਰਹਿੰਦੇ ਹੋਏ ਪੰਥ ਦੀ ਇਕਤਾ ਅਤੇ ਚੜ੍ਹਦੀ ਕਲਾ ਨੂੰ ਕਾਇਮ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਆਓ ਅਸੀਂ ਸਭ ਮਿਲ ਕੇ ਕੂੜ ਪ੍ਰਚਾਰ ਤੋਂ ਬਚੀਏ, ਸੱਚ ਅਤੇ ਗੁਰਬਾਣੀ ਦੇ ਰਾਹ 'ਤੇ ਡਟੇ ਰਹੀਏ ਅਤੇ ਪੰਥਕ ਏਕਤਾ ਨੂੰ ਹੋਰ ਮਜ਼ਬੂਤ ਬਣਾਈਏ।

ਵਾਹਿਗੁਰੂ ਜੀ ਸਾਰੀ ਸੰਗਤ ਨੂੰ ਸੂਝ ਬੂਝ ਬਖ਼ਸ਼ਣ, ਪੰਥ ਨੂੰ ਏਕਤਾ ਇਤਫ਼ਾਕ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਸੱਚ ਦੀ ਸਦਾ ਜਿੱਤ ਕਰਵਾਉਣ।

(ਦਲਜੀਤ ਸਿੰਘ)
ਸੁਪਰਿਟੈਂਡੈਂਟ
ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ

ਮੋ. 9931064935, ਫੋਨ: 0612-2641821 Email: info@takhatpatnasahib.in,










**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

### ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ

# ਮਹਿਸਮਪੁਰ ਖੁਰਦ ਨੂੰ ਮਿਲੀ ਨਵੀਂ ਪ੍ਰਬੰਧਕ ਕਮੇਟੀ



ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੂੰ ਮਹਿਸਮਪੁਰ ਕਮੇਟੀ ਰਸਮੀ ਤੌਰ ਤੇ ਸਕੂਲ ਦਾ ਪ੍ਰਬੰਧ ਸੌਂਪਦੇ ਹੋਏ

ਆਵਾਜ਼ਿ ਕੌਮ AWAZE QAUM International Newspaper & WEB TV

**ਚੌਕ ਮਹਿਤਾ, 17 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿੱਚ ਇੱਕ ਹੋਰ ਅਦਾਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ ਮਹਿਸਮਪੁਰ ਖੁਰਦ ਜ਼ਿਲਾ ਅੰਮ੍ਰਿਤਸਰ ਸ਼ਾਮਿਲ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਸ: ਜਗਤਾਰ ਸਿੰਘ, ਸ:ਗੁਰਨਾਮ ਸਿੰਘ ,ਸ: ਦਲਜੀਤ ਸਿੰਘ ਅਤੇ ਸ: ਸਤਪਾਲ ਸਿੰਘ ਵੱਲੋਂ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ , ਸ:ਗੁਰਪਿੰਦਰ ਸਿੰਘ , ਪ੍ਰਿੰਸੀਪਲ ਹਰਜੋਤ ਸਿੰਘ ਮਹਿਸਮਪੁਰ ਨੂੰ ਰਸਮੀ ਤੌਰ ਤੇ ਸਕੂਲ ਦਾ ਪ੍ਰਬੰਧ ਸੌਂਪਿਆ ਅਤੇ ਸਕੂਲ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਵਿੱਚ ਨਰਸਰੀ ਤੋਂ ਲੈ ਕੇ ਦਸਵੀਂ ਤੱਕ ਦੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੇ ਅਧੀਨ ਅੰਗਰੇਜ਼ੀ ਮੀਡੀਅਮ ਵਿੱਚ ਕਰਵਾਈ ਜਾਏਗੀ, ਨਾਲ ਹੀ ਗਿਆਰਵੀਂ ਅਤੇ ਬਾਰਵੀਂ ਕਲਾਸ ਆਰਟਸ ,ਕਮਰਸ, ਮੈਡੀਕਲ, ਨਾਨ ਮੈਡੀਕਲ ਵਿਸ਼ਿਆਂ ਦੀ ਪੜ੍ਹਾਈ ਵੀ ਉਪਲਬਧ ਹੋਵੇਗੀ ।ਸਕੂਲ ਵਿੱਚ ਪੜ੍ਹਾਈ ਦੇ ਨਾਲ- ਨਾਲ ਗੁਰਬਾਣੀ ਸੰਥਿਆ, ਖੇਡ ਮੁਕਾਬਲੇ, ਸੈਮੀਨਾਰ , ਭਾਸ਼ਣ ਅਤੇ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਨੂੰ ਧਿਆਨ 'ਚ ਰੱਖਦੇ ਹੋਏ ਕਰੀਅਰ ਗਾਈਡੈਂਸ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਣਗੇ । ਨੈਤਿਕ ਸਿੱਖਿਆ ਤੇ ਅਨੁਸ਼ਾਸਨ ਤੇ ਖਾਸ ਜ਼ੋਰ ਦਿੱਤਾ ਜਾਵੇਗਾ ਤਾਂ ਜੋ ਵਿਦਿਆਰਥੀ ਪੜ੍ਹਾਈ ਦੇ ਨਾਲ ਚੰਗੇ ਇਨਸਾਨ ਵੀ ਬਣ ਸਕਣ। ਵਿਦਿਆਰਥੀਆਂ ਨੂੰ ਉੱਚ -ਮਿਆਰੀ ਸਿੱਖਿਆ ਘੱਟ ਫੀਸਾਂ "ਤੇ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਹਰ ਵਰਗ ਦਾ ਬੱਚਾ ਚੰਗੀ ਸਿੱਖਿਆ ਹਾਸਿਲ ਕਰ ਸਕੇ। ਇਸ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਹਰਜੋਤ ਸਿੰਘ ਮਹਿਸਮਪੁਰ, ਸ:ਗੁਰਪਿੰਦਰ ਸਿੰਘ, ਸ:ਜਗਤਾਰ ਸਿੰਘ, ਸ: ਗੁਰਨਾਮ ਸਿੰਘ, ਸ:ਦਲਜੀਤ ਸਿੰਘ, ਸ: ਸਤਪਾਲ ਸਿੰਘ ਅਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ ਅੰਤ ਵਿੱਚ ਸਾਰਿਆਂ ਨੇ ਇਸ ਨਵੇਂ ਸਿੱਖਿਅਕ ਯਤਨ ਦੀ ਕਾਮਯਾਬੀ ਲਈ ਅਰਦਾਸ ਕੀਤੀ।

### ਚੰਡੀਗੜ੍ਹ ਦੀ ਮਿੱਟੀ ਤੋਂ ਅਮਰੀਕੀ ਉਪਲਬਧੀ ਤੱਕ

# ਮੋਹਾਲੀ ਸਥਿਤ ਟਵੈਂਟੀ ਸੈਕੰਡ ਸੈਂਚੁਰੀ ਟੈਕਨੋਲੋਜੀਜ਼ ਨੇ ਬ੍ਰਿਟਿਸ਼ ਟੈਲੀਕਾਮ ਫੈਡਰਲ ਦਾ ਅਧਿਗ੍ਰਹਣ ਕੀਤਾ, 'ਟਵੈਂਟੀ ਸੈਕੰਡ ਸੈਂਚੁਰੀ ਨੈੱਟਵਰਕਸ' ਦਾ ਗਠਨ

**ਚੌਕ ਮਹਿਤਾ, 17 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨੇਸ਼ਨਲ ਇਨਫ਼ਾਰਮੈਟਿਕਸ ਸੈਂਟਰ, ਚੰਡੀਗੜ੍ਹ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਅਤੇ ਅੱਜ ਵਿਸ਼ਵ ਪੱਧਰ 'ਤੇ ਮਾਣ ਪ੍ਰਾਪਤ ਕਰ ਚੁੱਕੀ ਆਈਟੀ ਕੰਪਨੀ ਟਵੈਂਟੀ ਸੈਕੰਡ ਸੈਂਚੁਰੀ ਟੈਕਨੋਲੋਜੀਜ਼ ਦੇ ਸੀਈਓ ਅਨਿਲ ਸ਼ਰਮਾ ਨੇ ਅਮਰੀਕਾ ਦੀ ਸਰਕਾਰੀ ਏਜੰਸੀਆਂ ਨੂੰ ਸੇਵਾਵਾਂ ਦੇਣ ਵਾਲੀ ਕੰਪਨੀ ਬ੍ਰਿਟਿਸ਼ ਟੈਲੀਕਾਮ ਫੈਡਰਲ (ਜੋ ਬ੍ਰਿਟਿਸ਼ ਟੈਲੀਕਾਮ ਗਰੁੱਪ ਦੀ ਯੂ.ਐਸ. ਗਵਰਨਮੈਂਟ ਕਾਂਟ੍ਰੈਕਟਿੰਗ ਇਕਾਈ ਹੈ) ਦਾ ਅਧਿਗ੍ਰਹਣ ਕਰ ਲਿਆ ਹੈ। ਇਸ ਰਣਨੀਤਿਕ ਕਦਮ ਤੋਂ ਬਾਅਦ ਬ੍ਰਿਟਿਸ਼ ਟੈਲੀਕਾਮ ਫੈਡਰਲ ਹੁਣ 'ਟਵੈਂਟੀ ਸੈਕੰਡ ਸੈਂਚੁਰੀ ਨੈੱਟਵਰਕਸ' ਦੇ ਨਾਂਅ ਨਾਲ ਕੰਮ ਕਰੇਗੀ ਅਤੇ ਅਮਰੀਕੀ ਫੈਡਰਲ ਮਿਸ਼ਨਾਂ ਨੂੰ ਭਰੋਸੇਯੋਗ ਕਨੈਕਟਿਵਿਟੀ ਅਤੇ ਸੁਰੱਖਿਅਤ ਨੈੱਟਵਰਕ ਸੇਵਾਵਾਂ ਪ੍ਰਦਾਨ ਕਰੇਗੀ।




ਚੰਡੀਗੜ੍ਹ-ਮੋਹਾਲੀ ਖੇਤਰ ਲਈ ਇਹ ਖ਼ਬਰ ਵਿਸ਼ੇਸ਼ ਮਹੱਤਵ ਰੱਖਦੀ ਹੈ।ਕੰਪਨੀ ਦੇ ਸੀਈਓ ਅਨਿਲ ਸ਼ਰਮਾ, ਜੋ ਥਾਪਰ ਇੰਸਟੀਚਿਊਟ ਦੇ ਪੁਰਾਤਨ ਵਿਦਿਆਰਥੀ ਹਨ, ਇਸ ਮਿੱਟੀ ਨਾਲ ਡੂੰਘੀ ਤਰ੍ਹਾਂ ਜੁੜੇ ਪ੍ਰੇਰਣਾਦਾਇਕ ਵਿਅਕਤੀਤਵ ਹਨ।

ਇਹ ਅਧਿਗ੍ਰਹਣ ਬ੍ਰਿਟਿਸ਼ ਟੈਲੀਕਾਮ ਫੈਡਰਲ ਦੇ ਟੈਲੀਕਾਮ ਅਤੇ ਨੈੱਟਵਰਕਿੰਗ ਅਨੁਭਵ ਨੂੰ ਟਵੈਂਟੀ ਸੈਕੰਡ ਸੈਂਚੁਰੀ ਟੈਕਨੋਲੋਜੀਜ਼ ਦੀ ਆਈਟੀ ਅੱਪਗ੍ਰੇਡੇਸ਼ਨ, ਸਾਈਬਰ ਸੁਰੱਖਿਆ ਅਤੇ ਮਿਸ਼ਨ ਸਹਾਇਤਾ ਮਹਾਰਤ ਨਾਲ ਜੋੜਦਾ ਹੈ। 'ਟਵੈਂਟੀ ਸੈਕੰਡ ਸੈਂਚੁਰੀ ਨੈੱਟਵਰਕਸ' ਦੇ ਤੌਰ 'ਤੇ ਇਹ ਨਵੀਂ ਇਕਾਈ ਅਮਰੀਕੀ ਫੈਡਰਲ ਏਜੰਸੀਆਂ ਨੂੰ ਸੁਰੱਖਿਅਤ, ਭਰੋਸੇਯੋਗ ਅਤੇ ਆਧੁਨਿਕ ਨੈੱਟਵਰਕ ਹੱਲ ਪ੍ਰਦਾਨ ਕਰੇਗੀ, ਜਿਨ੍ਹਾਂ 'ਤੇ ਉਹ ਆਪਣੇ ਰੋਜ਼ਾਨਾ ਕਾਰਜਾਂ ਲਈ ਨਿਰਭਰ ਰਹਿ ਸਕਣ।


ਆਵਾਜ਼ਿ ਕੌਮ AWAZE QAUM International Newspaper & WEB TV

ਸਧਾਰਣ ਪਰਿਵਾਰ ਵਿੱਚ ਜਨਮੇ ਅਤੇ ਛੇ ਭੈਣ-ਭਰਾਵਾਂ ਵਿੱਚ ਪਲੇ-ਬੜੇ ਅਨਿਲ ਸ਼ਰਮਾ ਦਾ ਬਚਪਨ ਸਾਂਝੀਆਂ ਜ਼ਿੰਮੇਵਾਰੀਆਂ ਨਾਲ ਭਰਿਆ ਹੋਇਆ ਸੀ। ਸੀਮਿਤ ਸਰੋਤਾਂ ਤੋਂ ਉੱਠ ਕੇ ਇੱਕ ਇਤਿਹਾਸਕ ਅਮਰੀਕੀ ਅਧਿਗ੍ਰਹਣ ਦੀ ਅਗਵਾਈ ਕਰਨਾ ਉਨ੍ਹਾਂ ਦੀ ਮਿਹਨਤ, ਸਿੱਖਿਆ ਅਤੇ ਵਿਸ਼ਵ-ਦ੍ਰਿਸ਼ਟੀ ਦਾ ਨਤੀਜਾ ਹੈ।ਉਨ੍ਹਾਂ ਦੀ ਇਹ ਯਾਤਰਾ ਖੇਤਰ ਦੇ ਹਜ਼ਾਰਾਂ ਪਰਿਵਾਰਾਂ ਲਈ ਪ੍ਰੇਰਣਾ ਹੈ, ਜੋ ਮੰਨਦੇ ਹਨ ਕਿ ਸਿੱਖਿਆ ਅਤੇ ਮਿਹਨਤ ਨਾਲ ਵਿਸ਼ਵ ਪੱਧਰ 'ਤੇ ਪਛਾਣ ਬਣਾਈ ਜਾ ਸਕਦੀ ਹੈ।

ਅਨਿਲ ਸ਼ਰਮਾ ਨੇ ਆਪਣੇ ਪੇਸ਼ੇਵਰ ਜੀਵਨ ਦੀ ਸ਼ੁਰੂਆਤ ਸਰਕਾਰੀ ਸੇਵਾ ਨਾਲ ਕੀਤੀ। ਸਾਲ 1989 ਤੋਂ 1997 ਤੱਕ ਉਨ੍ਹਾਂ ਨੇ ਨੇਸ਼ਨਲ ਇਨਫ਼ਾਰਮੈਟਿਕਸ ਸੈਂਟਰ (ਐਨ.ਆਈ.ਸੀ.), ਭਾਰਤ ਸਰਕਾਰ ਵਿੱਚ ਜ਼ਿਲ੍ਹਾ ਅਧਿਕਾਰੀ ਅਤੇ ਸਿਸਟਮ ਵਿਸ਼ਲੇਸ਼ਕ ਵਜੋਂ ਸੇਵਾ ਨਿਭਾਈ। ਚੰਡੀਗੜ੍ਹ ਦੇ ਪਹਿਲੇ ਜ਼ਿਲ੍ਹਾ ਇਨਫ਼ਾਰਮੈਟਿਕਸ ਅਫ਼ਸਰ ਵਜੋਂ ਉਨ੍ਹਾਂ ਨੇ ਐਨ.ਆਈ.ਸੀ. ਜ਼ਿਲ੍ਹਾ ਦਫ਼ਤਰ ਦੀ ਸਥਾਪਨਾ ਕੀਤੀ ਅਤੇ ਸਰਕਾਰੀ ਵਿਭਾਗਾਂ ਵਿੱਚ ਆਈਟੀ ਸਿਸਟਮ ਲਾਗੂ ਕਰਨ ਵਿੱਚ ਅਗਵਾਈ ਕੀਤੀ। ਪੰਜਾਬ ਅਤੇ ਚੰਡੀਗੜ੍ਹ ਦੇ ਵੱਖ-ਵੱਖ ਵਿਭਾਗਾਂ ਨੂੰ ਦਿੱਤੀ ਉਨ੍ਹਾਂ ਦੀ ਸਲਾਹਕਾਰ ਸੇਵਾਵਾਂ ਨੇ ਖੇਤਰ ਵਿੱਚ ਈ-ਗਵਰਨੈਂਸ ਦੀ ਮਜ਼ਬੂਤ ਨੀਂਹ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਆਪਣੀ ਵੱਡੀ ਦ੍ਰਿਸ਼ਟੀ ਬਾਰੇ ਗੱਲ ਕਰਦਿਆਂ ਅਨਿਲ ਸ਼ਰਮਾ ਨੇ ਕਿਹਾ ਕਿ ਟਵੈਂਟੀ ਸੈਕੰਡ ਸੈਂਚੁਰੀ ਟੈਕਨੋਲੋਜੀਜ਼ ਦੀ ਇਹ ਸਫਲਤਾ ਸਿਰਫ਼ ਇਕ ਕਾਰਪੋਰੇਟ ਉਪਲਬਧੀ ਨਹੀਂ, ਸਗੋਂ ਚੰਡੀਗੜ੍ਹ-ਮੋਹਾਲੀ ਦੇ ਆਈਟੀ ਇਕੋਸਿਸਟਮ ਨੂੰ ਪ੍ਰੇਰਿਤ ਅਤੇ ਮਜ਼ਬੂਤ ਕਰਨ ਦਾ ਮੌਕਾ ਵੀ ਹੈ। ਉਨ੍ਹਾਂ ਦੇ ਅਨੁਸਾਰ, ਖੇਤਰ ਤੋਂ ਉਭਰਨ ਵਾਲੀਆਂ ਵਿਸ਼ਵ ਪੱਧਰੀ ਮੁਕਾਬਲੇਯੋਗ ਕੰਪਨੀਆਂ ਨਿਵੇਸ਼ ਆਕਰਸ਼ਿਤ ਕਰਨਗੀਆਂ, ਉੱਚ ਮੁੱਲ ਵਾਲੇ ਰੋਜ਼ਗਾਰ ਪੈਦਾ ਕਰਨਗੀਆਂ ਅਤੇ ਚੰਡੀਗੜ੍ਹ-ਮੋਹਾਲੀ ਨੂੰ ਅੰਤਰਰਾਸ਼ਟਰੀ ਟੈਕਨੋਲੋਜੀ ਨਕਸ਼ੇ 'ਤੇ ਮਜ਼ਬੂਤ ਪਹਿਚਾਣ ਦਿਵਾਉਣਗੀਆਂ।

# ਸਾਧੂ ਸਿੰਘ ਸੁਲਤਾਨਪੁਰ ਦਾ ਦੇਹਾਤ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



ਆਵਾਜ਼ਿ ਕੌਮ AWAZE QAUM International Newspaper & WEB TV

**ਧੂਰੀ (ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਸਾਧੂ ਸਿੰਘ ਸੁਲਤਾਨਪੁਰ ਪਿਛਲੇ ਦਿਨੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਪਰਿਵਾਰ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਈਮਾਨ ਸਿੰਘ ਮਾਨ ਕਾਰਜਕਾਰੀ ਪ੍ਰਧਾਨ, ਟਰਾਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਹਰਬੰਸ ਸਿੰਘ ਸਲੇਮਪੁਰ, ਗੁਰਨੈਬ ਸਿੰਘ ਰਾਮਪੁਰਾ ਜ਼ਿਲ੍ਹਾ ਪ੍ਰਧਾਨ, ਨਰਿੰਦਰ ਸਿੰਘ ਕਾਲਾ ਬੂਲਾ ਸੀਨੀਅਰ ਮੀਤ ਪ੍ਰਧਾਨ ਸੰਗਰੂਰ, ਜਗਤਾਰ ਸਿੰਘ ਖੇੜੀ ਅਗਜੈਕਟਿਵ ਮੈਂਬਰ ,ਸਾਧੂ ਸਿੰਘ ਪੇਧਨੀ ਜਰਨਲ ਸਕੱਤਰ , ਮੁਲਾਜ਼ਮ ਵਿੰਗ ਦੇ ਸੂਬਾ ਪ੍ਰਧਾਨ ਵਾਸਵੀਰ ਸਿੰਘ ਭੁੱਲਰ, ਅਮਰਜੀਤ ਸਿੰਘ ਬਾਦਸ਼ਾਹਪੁਰ ਪ੍ਰਧਾਨ ਕਿਸਾਨ ਵਿੰਗ , ਕੁਲਦੀਪ ਸਿੰਘ ਸੁਲਤਾਨਪੁਰ ਅਮਰੀਕ ਸਿੰਘ ਕਾਤਰੋਂ ਈਸ਼ਰ ਸਿੰਘ ਕਾਂਝਲਾ ਸਿਮਰਨਜੋਤ ਸਿੰਘ ਕਾਂਝਲਾ ਮਨਜੀਤ ਸਿੰਘ ਰੰਗੀਆਂ ਆਦਿ ਆਗੂਆਂ ਨੇ ਜਿੱਥੇ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ, ਉੱਥੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਵਿਸਲੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੂੰ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਲਈ ਦਿੱਤਾ ਸੱਦਾ



**ਚੌਕ ਮਹਿਤਾ, 17 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਹਾਰਾਸ਼ਟਰ ਸਰਕਾਰ ਵਲੋਂ 28 ਫਰਵਰੀ ਅਤੇ 1 ਮਾਰਚ ਨੂੰ ਮੁੰਬਈ ਦੇ ਖਾਰਘਰ ਵਿੱਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਇਸ ਮੌਕੇ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ,ਕਨਵੀਨਰ ਅਤੇ ਨਿੰਮਤਰਕ ਰਾਜ ਪੱਧਰੀ ਕਮੇਟੀ ਬਲ ਮਲਕੀਤ ਸਿੰਘ ਨੇ ਕੇਂਦਰੀ ਸਮਾਜਿਕ ਨਿਆਂ ਰਾਜ ਮੰਤਰੀ ਅਤੇ ਰਿਪਬਲਿਕਨ ਪਾਰਟੀ ਆਫ਼ ਇੰਡੀਆ ਦੇ ਪ੍ਰਧਾਨ ਮਾਨਯੋਗ ਸ਼੍ਰੀ ਰਾਮਦਾਸ ਅਠਾਵਲੇ ਨੂੰ ਇਸ ਸਮਾਗਮਾ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਅਤੇ ਸਨਮਾਨਿਤ ਕੀਤਾ ਕੇਂਦਰੀ ਮੰਤਰੀ ਸ਼੍ਰੀ ਰਾਮਦਾਸ ਅਠਾਵਲੇ ਨੇ ਇਸ ਸਮਾਗਮਾ ਵਿੱਚ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ ਬਲ ਮਲਕੀਤ ਸਿੰਘ ਨੇ ਦੱਸਿਆ ਕਿ ਮੁੰਬਈ ਦੇ ਖਾਰਘਰ ਵਿੱਚ ਆਯੋਜਿਤ ਕੀਤੇ ਜਾ ਰਹੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਰੋਹ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਮੌਕੇ ਚਰਨਦੀਪ ਸਿੰਘ ਹੈਪੀ ਨਗਰ ਸੇਵਕ, ਪਰਮਜੀਤ ਸਿੰਘ ਬੱਲ ਪ੍ਰਧਾਨ ਖਾਰਘਰ ਗੁਰਦੁਆਰਾ, ਪ੍ਰਤਾਪ ਸਿੰਘ ਸਕੱਤਰ ਖਾਰਘਰ ਗੁਰਦੁਆਰਾ, ਨੀਲੇਸ਼ ਯਾਦਵ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਦੇ ਪਿੰਡਾਂ ਵਿੱਚੋਂ ਵਿਰਾਸਤੀ ਖੇਡਾਂ ਹੋਈਆਂ ਅਲੋਪ ਬੱਚੇ ਹੋਏ ਖੇਡਾਂ ਤੋਂ ਦੂਰ ਮੌਡਰਨ ਜਮਾਨੇ ਦੀ ਖੋਜ ਮੌਬਾਇਲ ਨੇ ਮਾਰਿਆ ਡੰਗ

**ਜੰਡਿਆਲਾ ਗੁਰੂ, 17 ਫਰਵਰੀ (ਕੁਲਵੰਤ ਸਿੰਘ ਵਿਰਦੀ )**-ਅੱਜ ਤੋਂ ਕੁਝ ਕੋ ਸਾਲ ਪਹਿਲਾਂ ਪੰਜਾਬ ਦਾ ਮਾਹੌਲ, ਵਾਤਾਵਰਨ, ਖੇਡਾਂ, ਪੰਜਾਬ ਦੀਆਂ ਵਿਰਾਸਤੀ ਚੀਜ਼ਾਂ ਜਿਨਾਂ ਦੀ ਝਲਕ ਆਮ ਘਰਾਂ ਵਿੱਚ ਵੀ ਵੇਖਣ ਨੂੰ ਮਿਲ ਜਾਂਦੀ ਸੀ। ਅਤੇ ਇਹਨਾਂ ਚੀਜ਼ਾਂ ਨੂੰ ਵੇਖ ਕੇ ਰੂਹ ਗਦ ਗਦ ਹੋ ਜਾਂਇਆ ਕਰਦੀ ਸੀ।, ਪਿੰਡਾਂ ਦੇ ਚੌਂਕਾਂ ਵਿੱਚ ਬੱਚਿਆਂ ਦੀ ਚਹਿਲ ਪਹਿਲ, ਚਿੜੀਆਂ ਦੀ ਚੂੰ ਚੂੰ, ਸਵਾਣੀਆਂ ਦੀਆਂ ਘਰਾਂ ਵਿੱਚ ਰੌਣਕਾਂ, ਵਿਹੜੇ ਦੇ ਵਿਚਕਾਰ ਬਜ਼ੁਰਗਾਂ ਦਾ ਡੱਠਾ ਮੰਜਾ,ਪਿੰਡਾਂ ਦੇ ਵਿੱਚ ਖੂਹ, ਘਰਾਂ ਦੇ ਵਿੱਚ ਚਲਦੇ ਨਲਕੇ, ਬਲਦਾਂ ਦੇ ਗਲਾ ਵਿੱਚ ਟੱਲੀਆ ਦੀ ਛਣ ਛਣ ਇਹ ਸਭ ਚੀਜ਼ਾਂ ਸਮੇਂ ਦੇ ਨਾਲ ਨਾਲ ਯਾਦਾਂ ਬਣ ਕੇ ਰਹਿ ਗਈਆਂ ਹਨ। ਪਰ ਅੱਜ ਤੋਂ ਕੁਝ ਕੁ ਸਾਲ ਪਹਿਲਾਂ ਪੰਜਾਬ ਦੇ ਹਰੇਕ ਪਿੰਡ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ, ਜਿਵੇਂ ਇੱਕ ਪਿੰਡ ਦੀ ਛੋਟੀ ਜਿਹੀ ਗਰਾਉਂਡ ਵਿੱਚ ਕਬੱਡੀ ,ਖ਼ੋਹ ਖੋਹ, ਪਿੱਠੂ ਗਰਮ ਕੋਟਲਾ ਛਪਾਕੀ , ਗੁੱਲੀ ਡੰਡਾ, ਬਰੰਟੇ ਜਿਨਾਂ ਨੂੰ ਕਈ ਥਾਵਾਂ ਤੇ ਗੋਲੀਆਂ,ਬਾਗੜਾ ਆਦਿ ਵੀ ਕਿਹਾ ਜਾਂਦਾ ਸੀ, ਸੂਹਣ ਛਿਪੀ, ਲੋਹਾ ਲੱਕੜੀ,, ਬਾਂਦਰ ਕਿੱਲਾ, ਲੱਕ ਭੰਨਣ, ਪੀੜਾ ਖੇਡਣਾ,ਆਦਿ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਖੇਡਾਂ ਜੋ ਕਿ ਪਿੰਡਾਂ ਦੇ ਬੱਚਿਆਂ ਵਿਚੋਂ ਅਲੋਪ ਹੋ ਗਈਆਂ ਹਨ, ਅਤੇ ਬੱਚੇ ਲਈ ਹੁਣ ਤਾਂ ਸਿਰਫ ਮੋਬਾਇਲ ਹੀ ਸਭ ਕੁੱਝ ਬਣ ਕਿ ਰਹਿ ਗਿਆ ਹੈ ।, ਹੁਣ ਤਾਂ ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਮੋਬਾਇਲ ਦਾ ਐਸਾ ਨਸ਼ ਲੱਗਾ ਹੈ ਕਿ, ਕਈ ਛੋਟੇ ਬੱਚੇ ਤਾਂ ਰੋਟੀ ਵੀ ਮੋਬਾਇਲ ਲੈ ਕੇ ਹੀ ਖਾਂਦੇ ਹਨ, ਉਹਨਾਂ ਨੂੰ ਭੁੱਖ ਚਾਹੇ ਲੱਗੀ ਹੋਏ ਪਰ ਜਿੰਨਾ ਚਿਰ ਮੋਬਾਇਲ ਸਾਹਮਣੇ ਨਹੀਂ ਲੱਗਾ ਹੁੰਦਾ ਉਨਾਂ ਚਿਰ ਤਾਂ ਰੋਟੀ ਖਾਣੀ ਤਾਂ ਕੀ ਰੋਟੀ ਵੱਲ ਤੱਕ ਦੇ ਵੀ ਨਹੀਂ , ਛੋਟੇ ਬੱਚਿਆਂ ਨੂੰ ਤਾਂ ਮੋਬਾਇਲ ਦੀ ਲੱਤ ਲੱਗਣ ਬਾਰੇ ਜੇ ਕਹੀਏ ਤਾਂ ਉਸ ਵਿੱਚ ਮਾਂ ਪਿਓ ਦਾ ਹੀ ਯੋਗਦਾਨ ਹੁੰਦਾ ਹੈ। ਸੋ ਮੋਬਾਇਲ ਇੱਕ ਵਧੀਆ ਚੀਜ਼ ਹੈ ਲੇਕਿਨ ਉਸ ਨੂੰ ਜੇ ਵਧੀਆ ਤਰੀਕੇ ਨਾਲ ਵਰਤਿਆ ਜਾਵੇ ਤਾਂ, ਸਮੇਂ ਦੇ ਹਿਸਾਬ ਨਾਲ ਜੋ ਚੀਜ਼ ਬਣੀ ਹੈ ਉਸ ਦੀ ਵਰਤੋਂ ਕਰਨੀ ਬਣਦੀ ਹੈ। ਪਰ ਵਰਤੋਂ ਸਹੀ ਤਰੀਕੇ ਨਾਲ ਕੀਤੀ ਜਾਵੇ।, ਸੋ ਹੱਥ ਰੱਸਾ ਸਿਰੇ ਤੇ ਗੰਢ ਵਾਲੀ ਕਹਾਵਤ ਅਨੁਸਾਰ ਇੱਕ ਹੀ ਗੱਲ ਹੈ ਕਿ ਛੋਟੇ ਬੱਚਿਆਂ ਨੂੰ, ਮੋਬਾਇਲ ਦੀ ਵਰਤੋਂ ਤੋ ਦੂਰ ਰੱਖਿਆ ਜਾਵੇ ਕਿਉਂਕਿ ਇਸ ਭੈੜੀ ਲੱਤ ਨੇ ਪਹਿਲਾਂ ਹੀ ਸਾਡੇ ਤੋਂ ਵਿਰਾਸਤੀ ਖੇਡਾਂ ਖੋਹ ਲਈਆਂ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

ਅੰਮ੍ਰਿਤਸਰ ਮੁੱਖ ਦਫਤਰ ਸ਼੍ਰੋ ਅਕਾਲੀ ਦਲ ਪੁਨਰ ਸੁਰਜੀਤ ਵੱਲੋ

# ਵਰਕਿੰਗ ਕਮੇਟੀ ਮੈਂਬਰ ਅਤੇ ਜ਼ਿਲਾ ਪ੍ਰਧਾਨਾ ਦੀ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ : ਇਕਬਾਲ ਸਿੰਘ ਤੂੰਗ

☛ ਸ਼੍ਰੋਮਣੀ ਕਮੇਟੀ ਦੀਆਂ ਜਾਇਦਾਦਾਂ ਨੂੰ ਖੁਰਦ-ਬੁਰਦ ਕਰਨ ਦੇ ਇਲਜ਼ਾਮ: ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਜ਼ਮੀਨਾਂ ਨੂੰ ਸਸਤੇ ਭਾਅ ਵੇਚਣ 'ਤੇ ਚੁੱਕੇ ਸਵਾਲ। ☛ ਕੋਟਲਾ ਨਿਹੰਗ ਖਾਨ ਜ਼ਮੀਨ ਘੁਟਾਲਾ: ਦਾਨ ਵਿੱਚ ਮਿਲੀ ਇੱਕ ਏਕੜ ਜ਼ਮੀਨ ਨੂੰ ਮਹਿਜ਼ 7 ਹਜ਼ਾਰ ਰੁਪਏ ਪ੍ਰਤੀ ਗਜ਼ ਦੇ ਨਿਗੂਣੇ ਰੇਟ 'ਤੇ ਵੇਚਣ ਦਾ ਦਾਅਵਾ। ☛ ਅੰਬ ਸਾਹਿਬ ਦੇ 39 ਕਰੋੜ ਕਿੱਥੇ ਗਏ ? ਗਮਾਡਾ ਵੱਲੋਂ ਐਕੁਆਇਰ ਜ਼ਮੀਨ ਦੇ ਮੁਆਵਜ਼ੇ ਦੀ ਵਰਤੋਂ 'ਤੇ ਸ਼੍ਰੋਮਣੀ ਕਮੇਟੀ ਕੋਲੋਂ ਮੰਗਿਆ ਹਿਸਾਬ। ☛ ਸੁਖਬੀਰ ਬਾਦਲ 'ਤੇ ਸਿੱਧਾ ਨਿਸ਼ਾਨਾ: "ਸ਼੍ਰੋਮਣੀ ਕਮੇਟੀ ਨੂੰ ਮੁੱਠੀ ਵਿੱਚ ਕਰਕੇ ਚੋਣ ਫੰਡਾਂ ਲਈ ਵੇਚੀਆਂ ਜਾ ਰਹੀਆਂ ਹਨ ਪੰਥਕ ਜ਼ਮੀਨਾਂ।" ☛ ਪੰਥਕ ਕਾਨਫਰੰਸ ਦਾ ਐਲਾਨ: 3 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਵਿਜ਼ਨ ਡਾਕੂਮੈਂਟ' ਜਾਰੀ ਕਰੇਗਾ ਅਕਾਲੀ ਦਲ ਪੁਨਰ ਸੁਰਜੀਤੀ







**ਅੰਮ੍ਰਿਤਸਰ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਪੁਨਰ ਸੁਰਜੀਤੀ ਦੀ ਵਰਕਿੰਗ ਕਮੇਟੀ ਦੀ ਅਹਿਮ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਦੇ ਪ੍ਰਬੰਧਾਂ ਅਤੇ ਗੁਰਦੁਆਰਾ ਜ਼ਮੀਨਾਂ ਦੀ ਖਰੀਦ-ਵੇਚ ਵਿੱਚ ਹੋ ਰਹੀਆਂ ਕਥਿਤ ਬੇਨਿਯਮੀਆਂ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਸਿਰਫ਼ ਪੰਥਕ ਜਾਇਦਾਦਾਂ ਦੀ 'ਕੇਅਰ ਟੇਕਰ' ਹੈ, ਮਾਲਕ ਨਹੀਂ, ਪਰ ਮੌਜੂਦਾ ਲੀਡਰਸ਼ਿਪ ਇਨ੍ਹਾਂ ਨੂੰ ਨਿੱਜੀ ਹਿੱਤਾਂ ਲਈ ਵਰਤ ਰਹੀ ਹੈ।

**ਜ਼ਮੀਨ ਘੁਟਾਲਿਆਂ ਦਾ ਖੁਲਾਸਾ :** ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਗੁਰਦੁਆਰਾ ਭੱਠਾ ਸਾਹਿਬ ਕੋਟਲਾ ਨਿਹੰਗ ਖਾਨ (ਰੋਪੜ) ਵਿਖੇ ਸਾਲ 2002 ਵਿੱਚ ਇੱਕ ਬੀਬੀ ਵੱਲੋਂ ਦਾਨ ਕੀਤੀ ਗਈ ਪ੍ਰਾਈਮ ਲੋਕੇਸ਼ਨ ਦੀ ਇੱਕ ਏਕੜ ਜ਼ਮੀਨ ਨੂੰ ਮਹਿਜ਼ 7,000 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਵੇਚ ਦਿੱਤਾ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਹਾਈਵੇਅ 'ਤੇ ਸਥਿਤ ਅਨਮੋਲ ਜ਼ਮੀਨ ਨੂੰ ਇੰਨੇ ਘੱਟ ਰੇਟ 'ਤੇ ਵੇਚਣ ਦੀ ਕੀ ਲੋੜ ਸੀ ? ਇਸੇ ਤਰ੍ਹਾਂ ਉਨ੍ਹਾਂ ਗੁਰਦੁਆਰਾ ਅੰਬ ਸਾਹਿਬ (ਮੋਹਾਲੀ) ਦੀ ਜ਼ਮੀਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਗਮਾਡਾ ਨੇ 39 ਕਰੋੜ 43 ਲੱਖ ਰੁਪਏ ਮੁਆਵਜ਼ਾ ਦਿੱਤਾ ਸੀ। ਐਕਟ ਮੁਤਾਬਕ ਜ਼ਮੀਨ ਵੇਚ ਕੇ ਮਿਲਿਆ ਪੈਸਾ ਸਿਰਫ਼ ਨਵੀਂ ਜ਼ਮੀਨ ਖਰੀਦਣ ਲਈ ਵਰਤਿਆ ਜਾ ਸਕਦਾ ਹੈ, ਪਰ ਸ਼੍ਰੋਮਣੀ ਕਮੇਟੀ ਨੇ ਅਜੇ ਤੱਕ ਕੋਈ ਨਵੀਂ ਪ੍ਰਾਪਰਟੀ ਨਹੀਂ ਖਰੀਦੀ। ਉਨ੍ਹਾਂ ਸ਼ੱਕ ਜਤਾਇਆ ਕਿ ਇਹ ਪੈਸਾ ਗਲਤ ਤਰੀਕੇ ਨਾਲ ਫੰਡਾਂ ਵਿੱਚ ਵਰਤਿਆ ਗਿਆ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਰਦਿਆਂ ਕਿਹਾ ਕਿ ਇਹ ਸਭ ਉਨ੍ਹਾਂ ਦੀ ਹੱਲਾਸ਼ੇਰੀ ਨਾਲ ਹੋ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, "ਲੱਗਦਾ ਹੈ ਕਿ ਚੋਣਾਂ ਨੇੜੇ ਹਨ, ਇਸ ਲਈ ਫੰਡ ਇਕੱਠੇ ਕਰਨ ਵਾਸਤੇ ਪੰਥਕ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ।" ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪਹਿਲਾਂ ਇਨ੍ਹਾਂ ਮਾਮਲਿਆਂ ਤੋਂ ਇਨਕਾਰ ਕਰਦੇ ਹਨ ਅਤੇ ਫਿਰ ਅਫਸਰਾਂ 'ਤੇ ਕਾਰਵਾਈ ਦੀ ਗੱਲ ਕਰਦੇ ਹਨ, ਜੋ ਕਿ ਖੁਦ ਹੀ ਸ਼ੱਕ ਪੈਦਾ ਕਰਦਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਰੈਲੀ ਵਿੱਚ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇਦਾਰਾਂ ਦੀ ਸ਼ਮੂਲੀਅਤ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇੰਨੇ ਸਤਿਕਾਰਯੋਗ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਦਾ ਸਿਆਸੀ ਰੈਲੀਆਂ ਵਿੱਚ ਜਾਣਾ ਸਿੱਖ ਸੰਗਤ ਦੇ ਮਨਾਂ ਵਿੱਚ ਚਿੰਤਾ ਪੈਦਾ ਕਰਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਧਾਰਮਿਕ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਾਰਟੀ ਦੀ ਮਜ਼ਬੂਤੀ ਲਈ ਉਨ੍ਹਾਂ ਐਲਾਨ ਕੀਤਾ ਕਿ 3 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਵੱਡੀ ਪੰਥਕ ਕਾਨਫਰੰਸ ਕੀਤੀ ਜਾਵੇਗੀ। ਇਸ ਮੌਕੇ ਪਾਰਟੀ ਆਪਣਾ 'ਵਿਜ਼ਨ ਡਾਕੂਮੈਂਟ' ਸੰਗਤਾਂ ਦੇ ਰੂਬਰੂ ਕਰੇਗੀ। ਉਨ੍ਹਾਂ ਮੰਗ ਕੀਤੀ ਕਿ 1999 ਤੋਂ ਹੁਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਵੇਚੀਆਂ ਅਤੇ ਖਰੀਦੀਆਂ ਗਈਆਂ ਸਾਰੀਆਂ ਜ਼ਮੀਨਾਂ ਦੀ ਨਿਰਪੱਖ ਪੜਤਾਲ ਹੋਣੀ ਚਾਹੀਦੀ ਹੈ, ਜਿਸ ਵਿੱਚ ਵਿਰੋਧੀ ਧਿਰ ਦੇ ਮੈਂਬਰ ਵੀ ਸ਼ਾਮਲ ਹੋਣ। ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਹਰਪ੍ਰੀਤ ਸਿੰਘ, ਕਰਨੈਲ ਸਿੰਘ ਪੀਰ ਮੁਹੰਮਦ, ਅਜੇਪਾਲ ਸਿੰਘ ਮੀਰਾਂਕੋਟ ਦਲਜਿੰਦਰਬੀਰ ਸਿੰਘ, ਮਨਿੰਦਰ ਸਿੰਘ ਧੁਨਾ ਤੇ ਹੋਰ ਹਾਜ਼ਰ ਸਨ।

# ਗੁਰਦੁਆਰਾ ਟਾਹਲਾ ਸਾਹਿਬ ਪੁਲ ਤਰਸਿੱਕਾ ਵਿੱਖੇ 3 ਰੋਜ਼ਾ ਧਾਰਮਿਕ ਸਮਾਗਮ ਹੋਇਆ ਸਮਾਪਤ

**ਚੌਕ ਮਹਿਤਾ, 17 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਟਾਹਲਾ ਸਾਹਿਬ ਪੁਲ ਤਰਸਿੱਕਾ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਤਰਸਿਕੇ ਵਾਲਿਆਂ ਦੀ ਅਗਵਾਈ ਹੇਠ 3 ਰੋਜ਼ਾ ਧਾਰਮਿਕ ਸਮਾਗਮਾ ਦੀ ਹੋਈ ਸਮਾਪਤੀ 14 ਫਰਵਰੀ ਨੂੰ ਲੜੀ ਦੇ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਅਖੰਡ ਪਾਠਾਂ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਸ਼ਾਮ ਤੱਕ ਦੀਵਾਨ ਸਜਾਏ ਗਏ ਜਿਸ ਵਿਚ ਸਿੱਖ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ, ਕੀਰਤਨੀਏ, ਢਾਡੀ, ਕਵੀਸਰਾ , ਪ੍ਰਚਾਰਕਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਤੇ ਸੰਤ, ਮਹਾਂਪੁਰਖ,



ਨਿਹੰਗ ਸਿੰਘ ਜਥੇਬੰਦੀਆਂ, ਨਿਰਮਲੇ ਸੰਤਾਂ ਸਾਧੂਆਂ ਨੇ ਬਹੁਤ ਗਿਣਤੀ ਵਿਚ ਹਾਜ਼ਰੀਆਂ ਭਰੀਆਂ,15 ਫਰਵਰੀ ਨੂੰ ਸਵੇਰੇ 9ਵਜੇ ਤੋਂ ਮਹਾਨ ਨਗਰ ਕੀਰਤਨ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਸਾਹਿਬਾਨਾ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ ਅਤੇ 16 ਫਰਵਰੀ ਨੂੰ ਮਹਾਨ ਅਮ੍ਰਿਤ ਸੰਚਾਰ ਕਰਵਾਇਆ ਗਿਆ। ਜਿਸ ਵਿੱਚ ਅਮ੍ਰਿਤ ਅਭਿਆਖੀਆ ਨੂੰ ਫ੍ਰੀ ਕਕਾਰ ਦਿੱਤੇ ਗਏ। ਇਸ ਮੌਕੇ ਤੇ ਸੰਤ ਬਾਬਾ ਗੁਰਦੀਪ ਸਿੰਘ ਤਰਸਿਕੇ ਵਾਲਿਆਂ ਨੇ ਆਏ ਹੋਏ ਜਥਿਆਂ ਅਤੇ ਮਹਾਂਪੁਰਖਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਅਤੇ ਦੁਸ਼ਾਲੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੰਤ ਬਾਬਾ ਜਥੇਦਾਰ ਗੁਰਦੀਪ ਸਿੰਘ ਜੀ ਨੇ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਅਤੇ ਸੇਵਾਦਾਰਾਂ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਸਮਾਗਮਾਂ ਵਿੱਚ ਤਨ ਮਨ ਧੰਨ ਨਾਲ ਸੇਵਾ ਕਰਕੇ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼ਹੀਦਾਂ ਸਿੰਘਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਲੰਗਰ ਅਤੇ ਬਦਾਮਾਂ ਵਾਲੀ ਸਰਦਾਈਆ ਦੇ ਲੰਗਰ ਅਟੁੱਟ ਵਰਤੇ।

# ਨਸ਼ੀਲੀਆਂ ਵਸਤਾਂ ਦੇ ਵਪਾਰ, ਸਮੱਗਲਿੰਗ ਜਾਂ ਅਪਰਾਧਿਕ ਕਾਰਵਾਈਆ ਨੂੰ ਗੋਲੀ ਬੰਦੂਕ ਦੀ ਨੀਤੀ ਨਾਲ ਨਹੀ ਬਲਕਿ ਬੇਰੁਜਗਾਰੀ ਨੂੰ ਖਤਮ ਕਰਕੇ ਹੱਲ ਕੀਤਾ ਜਾਏ: ਮਾਨ

ਨਵੀਂ ਦਿੱਲੀ, 17 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਆਮ ਆਦਮੀ ਪਾਰਟੀ ਵੱਲੋ ਪੰਜਾਬ ਵਿਚ ਗੈਗਸਟਰਵਾਦ ਅਤੇ ਨਸਿਆ ਦੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਕੀਤੀ ਗਈ ਰੈਲੀ ਦੇ ਮਕਸਦ ਨੂੰ ਉਸ ਸਮੇ ਤੱਕ ਪ੍ਰਾਪਤ ਨਹੀ ਕੀਤਾ ਜਾ ਸਕੇਗਾ, ਜਦੋ ਤੱਕ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਦੀ ਅਸਲ ਜੜ੍ਹ 'ਬੇਰੁਜਗਾਰੀ' ਦੇ ਮੁੱਦੇ ਨੂੰ ਸਮਝਕੇ ਇਸ ਨੂੰ ਪਹਿਲ ਦੇ ਆਧਾਰ ਤੇ ਹੱਲ ਨਹੀ ਕਰਦੇ । ਬੇਸ਼ੱਕ ਸਰਕਾਰ ਤੇ ਪੁਲਿਸ ਗੋਲੀ-ਬੰਦੂਕ ਦੀ ਖੇਡ ਨਾਲ ਇਸ ਉਤੇ ਫ਼ਤਹਿ ਪਾਉਣ ਦੇ ਗੈਰ ਕਾਨੂੰਨੀ ਅਤੇ ਅਣਮਨੁੱਖੀ ਅਮਲ ਕਰ ਰਹੀ ਹੈ, ਪਰ ਅਜਿਹਾ ਕਰਨ ਤੇ ਵੀ ਇਸ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਹੀ ਕੀਤਾ ਜਾ ਸਕੇਗਾ ਅਤੇ ਇਹ ਸਮਗਲਿੰਗ, ਨਸੀਲੀਆ ਵਸਤਾਂ ਦੀ ਸਪਲਾਈ ਦਾ ਕੰਮ ਨਹੀ ਰੁਕ ਸਕੇਗਾ । ਕਿਉਂਕਿ ਪਿੰਡਾਂ ਅਤੇ ਕਸਬਿਆ ਵਿਚ ਅਤਿ ਦੀ ਗਰੀਬੀ ਹੋਣ ਦੇ ਨਾਲ-ਨਾਲ ਇਨ੍ਹਾਂ ਪਰਿਵਾਰਾਂ ਵਿਚ ਵੱਡੇ ਪੱਧਰ ਤੇ ਬੇਰੁਜਗਾਰੀ ਹੈ ਜਿਸ ਨਾਲ ਵੱਡੇ ਵੱਡੇ ਸਮੱਗਲਰ ਜਾਂ ਇਨ੍ਹਾਂ ਧੰਦਿਆ ਵਿਚ ਮਸਰੂਫ ਕਾਰੋਬਾਰੀ ਲੋਕ ਇਨ੍ਹਾਂ ਦੀ ਬੇਰੁਜਗਾਰੀ



ਦਾ ਪੂਰਾ ਫਾਇਦਾ ਉਠਾਉਦੇ ਹੋਏ ਇਨ੍ਹਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਇਨ੍ਹਾਂ ਕੰਮਾਂ ਵਿਚ ਵੱਡੇ ਪੈਸੇ ਦੇ ਕੇ ਲਗਾ ਦਿੰਦੇ ਹਨ । ਕਿਉਂਕਿ ਜਦੋ ਬੇਰੁਜਗਾਰ ਨੌਜਵਾਨ ਅਤੇ ਗਰੀਬ ਪਰਿਵਾਰਾਂ ਦੇ ਬੱਚੇ ਪਿੰਡਾਂ ਵਿਚ ਧਨਾਂਢ ਲੋਕਾਂ ਦੀਆਂ ਵੱਡੀਆ-ਵੱਡੀਆ ਕੋਠੀਆ ਬਣਦੇ ਦੇਖਦੇ ਹਨ, ਉਨ੍ਹਾਂ ਦੇ ਐਸਪ੍ਰਸਤੀ ਵਾਲੇ ਜੀਵਨ ਪੱਧਰ ਨੂੰ ਦੇਖਦੇ ਹਨ, ਤਾਂ ਉਹ ਇਸ ਲਾਲਸਾ ਵਿਚ ਅਤੇ ਉਨ੍ਹਾਂ ਦੀ ਚਕਾਚੌਧ ਵਾਲੀ ਜਿੰਦਗੀ ਤੋ ਪ੍ਰਭਾਵਿਤ ਹੋ ਕੇ ਇਨ੍ਹਾਂ ਸਮੱਗਲਰਾਂ ਤੇ ਵੱਡੇ ਗੈਰ ਕਾਨੂੰਨੀ ਕਾਰੋਬਾਰ ਕਰਨ ਵਾਲਿਆ ਦੇ ਕੰਮ ਵਿਚ ਮੋਹਰਾ ਬਣਨ ਲਈ ਆਪਣੀਆ ਪ੍ਰਵਾਨਗੀ ਦੇ ਦਿੰਦੇ ਹਨ । ਜਿਸ ਨਾਲ ਉਨ੍ਹਾਂ ਨੂੰ ਇਕ ਥਾਂ ਤੋ ਦੂਜੀ ਥਾਂ ਨਸ਼ੀਲੀਆਂ ਵਸਤਾਂ ਪਹੁੰਚਾਉਣ ਲਈ ਇਨ੍ਹਾਂ ਧਨਾਢਾਂ ਤੇ ਸਮੱਗਲਰਾਂ ਵੱਲੋ ਚੋਖੀ ਰਕਮ ਮਿਲ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੌਖੇ ਹੀ ਚੰਗੀਆਂ ਰਕਮਾਂ ਮਿਲਣੀਆ ਸੁਰੂ ਹੋ ਜਾਂਦੀਆ ਹਨ । ਇਸ ਲਈ ਜੇਕਰ ਅੱਜ ਇਹ ਧੰਦਾ ਵੱਧ ਰਿਹਾ ਹੈ ਤਾਂ ਉਸਦਾ ਕਾਰਨ ਬੇਰੁਜਗਾਰੀ ਅਤੇ ਗਰੀਬੀ ਦਾ ਵੱਧਣਾ ਹੈ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਮ ਆਦਮੀ ਪਾਰਟੀ ਵੱਲੋ ਮੋਗਾ ਵਿਖੇ ਗੈਰ ਕਾਨੂੰਨੀ ਧੰਦਿਆ, ਨਸ਼ੀਲੀਆਂ ਵਸਤਾਂ ਦੇ ਵੱਧਦੇ ਵਪਾਰ ਨੂੰ ਰੋਕਣ ਹਿੱਤ ਕੀਤੀ ਗਈ ਰੈਲੀ ਉਤੇ ਅਤੇ ਸਰਕਾਰ ਵੱਲੋ ਅਪਣਾਏ ਜਾ ਰਹੇ ਦਿਸ਼ਾਹੀਣ ਢੰਗਾਂ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਇਸਦੀ ਅਸਲ ਜੜ੍ਹ ਨੂੰ ਨਾ ਸਮਝਣ ਉਤੇ ਦੁੱਖ ਜਾਹਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਤੇ ਸੈਟਰ ਸਰਕਾਰਾਂ ਨਸੀਲੀਆ ਵਸਤਾਂ ਦੇ ਗੈਰ ਕਾਨੂੰਨੀ ਕਾਰੋਬਾਰ ਨੂੰ ਖਤਮ ਕਰਨ ਲਈ ਸੰਜੀਦਾ ਹਨ, ਤਾਂ ਇਨ੍ਹਾਂ ਦੋਵਾਂ ਸਰਕਾਰਾਂ ਨੂੰ ਸਹੀ ਢੰਗ ਨਾਲ ਯੋਜਨਾ ਬਣਾਕੇ ਪੰਜਾਬ ਵਿਚ ਦਿਹਾਤੀ ਇਲਾਕਿਆ ਵਿਚ ਵੱਧ ਰਹੀ ਬੇਰੁਜਗਾਰੀ ਦੇ ਗੰਭੀਰ ਮੁੱਦੇ ਨੂੰ ਖਤਮ ਕਰਨ ਲਈ ਅੰਗਰੇਜ਼ਾਂ ਵੱਲੋ ਇੰਡੀਅਨ ਆਰਮੀ ਵਿਚ ਕਾਇਮ ਕੀਤੇ ਗਏ ਸਿੱਖਾਂ ਦੇ 33% ਭਰਤੀ ਦੇ ਕੋਟੇ ਨੂੰ ਤੁਰੰਤ ਬਹਾਲ ਕਰਨ ਦਾ ਐਲਾਨ ਕਰਨ । ਇਸਦੇ ਨਾਲ ਹੀ ਹੋਰ ਵਿਭਾਗਾਂ ਅਤੇ ਪ੍ਰਾਈਵੇਟ ਅਦਾਰਿਆ ਵਿਚ ਸਹੀ ਵੇਤਨਾ ਉਤੇ ਪੰਜਾਬ ਵਿਚ ਲੱਖਾਂ ਦੀ ਗਿਣਤੀ ਵਿਚ ਬੇਰੁਜਗਾਰ ਫਿਰ ਰਹੀ ਨੌਜਵਾਨੀ ਨੂੰ ਆਹਰੇ ਲਗਾਉਣ । ਤਦ ਹੀ ਨਸੀਲੀਆ ਵਸਤਾਂ ਦੇ ਵੱਡੇ ਕਾਰੋਬਾਰਾਂ ਅਤੇ ਗੈਗਸਟਰਾਂ ਦੇ ਵੱਧਦੇ ਅਪਰਾਧਾਂ ਨੂੰ ਠੱਲ ਪਾ ਸਕਣਗੇ ਨਾ ਕਿ ਗੋਲੀ ਬੰਦੂਕ ਨੀਤੀ ਨਾਲ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰਨ ਦੇ ਅਮਲ ਕਰਕੇ । ਅਜਿਹੇ ਅਮਲ ਤਾਂ ਕੌਮਾਂਤਰੀ ਕਾਨੂੰਨਾਂ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦਾ ਵੀ ਹਨਨ ਕਰਦੇ ਹਨ ।

# ਦਿੱਲੀ ਦੇ ਪੰਜਾਬ ਭਵਨ ਵਿਖੇ ਲੱਗੀਆਂ 20 ਦਾਨਸ਼ਵਰਾਂ ਦੀਆਂ ਤਸਵੀਰਾਂ



ਨਵੀਂ ਦਿੱਲੀ 17 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਭਾਸ਼ਾ ਵਿਭਾਗ ਪੰਜਾਬ ਵੱਲੋਂ ਪਿਛਲੇ ਸਾਲ ਤੋਂ ਦਿੱਲੀ ਸਥਿਤ ਪੰਜਾਬ ਭਵਨ ਵਿੱਚ ਪੰਜਾਬੀ ਦਾਨਸ਼ਵਰਾਂ ਦੀਆਂ ਤਸਵੀਰਾਂ ਸਥਾਪਿਤ ਕਰਨ ਦਾ ਕੰਮ ਆਰੰਭ ਕੀਤਾ ਗਿਆ ਸੀ। ਹੁਣ ਤੱਕ ਪਹਿਲਾਂ ਲਗਾਈਆਂ ਗਈਆਂ ਲਗਭਗ 40 ਤਸਵੀਰਾਂ ਤੋਂ ਬਾਅਦ ਅੱਜ 20 ਹੋਰ ਸਵਰਗੀ ਲੇਖਕਾਂ ਅਤੇ ਵਿਦਵਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜਿਨਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰਿੰਸੀਪਲ ਸੁਜਾਨ ਸਿੰਘ, ਸ. ਜਸਵੰਤ ਸਿੰਘ ਕੰਵਲ, ਸ. ਨਾਨਕ ਸਿੰਘ, ਡਾ. ਹਰਭਜਨ ਸਿੰਘ, ਸ੍ਰੀਮਤੀ ਦਲੀਪ ਕੌਰ ਟਿਵਾਣਾ, ਸ੍ਰੀ ਬਲਰਾਜ ਸਾਹਨੀ, ਬਾਵਾ ਬੁੱਧ ਸਿੰਘ, ਸ਼੍ਰੀਮਤੀ ਸੁਖਵੰਤ ਕੌਰ ਮਾਨ, ਸ. ਮਹਿੰਦਰ ਸਿੰਘ ਸਰਨਾ, ਜਨਾਬ ਦੀਪਕ ਜੈਤੋਈ, ਮਹਿੰਦਰ ਕੌਰ ਗਿੱਲ, ਸ਼੍ਰੀ ਰਾਮ ਸਰੂਪ ਅਣਖੀ, ਡਾ. ਰਤਨ ਸਿੰਘ ਜੱਗੀ, ਸ਼੍ਰੀ ਮੋਹਨਜੀਤ, ਸ਼੍ਰੀ ਪਰਮਿੰਦਰਜੀਤ ਅਤੇ ਪ੍ਰੋ. ਅਜਮੇਰ ਔਲਖ ਸ਼ਾਮਿਲ ਹਨ। ਇਹ ਤਸਵੀਰਾਂ ਪੰਜਾਬ ਭਵਨ ਦੇ ਬੀ ਬਲਾਕ ਦੀ ਡਿਓੜੀ ਅਤੇ ਉੱਪਰਲੀਆਂ ਮੰਜ਼ਿਲਾਂ ਦੇ ਵਰਾਂਡਿਆਂ ਵਿੱਚ ਲਗਾਈਆਂ ਗਈਆਂ। ਸ੍ਰੀ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਵਨ ਦੇ ਕਰਮਚਾਰੀਆਂ ਵੱਲੋਂ ਇਹ ਕਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਅਤੇ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਦੀ ਨਿਗਰਾਨੀ ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਪ੍ਰਿੰਸੀਪਲ ਰੈਜੀਡੈਂਟ ਕਮਿਸ਼ਨਰ ਡਾ. ਐਸ ਕਰੁਣਾ ਰਾਜੂ ਨਾਲ ਮੁਲਾਕਾਤ ਕਰਕੇ ਪੰਜਾਬ ਭਵਨ ਵਿੱਚ ਪੰਜਾਬੀਅਤ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਡਿਪਟੀ ਰੈਜੀਡੈਂਟ ਕਮਿਸ਼ਨਰ ਸ੍ਰੀਮਤੀ ਆਸਿਤਾ ਸ਼ਰਮਾ ਨੇ ਕਿਹਾ ਕਿ ਆਉਂਣ ਵਾਲੇ ਸਮੇਂ ਵਿੱਚ ਭਾਸ਼ਾ ਵਿਭਾਗ ਦੀ ਸਥਾਨਕ ਲਾਇਬਰੇਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਾ ਕੇ ਇਸ ਨੂੰ ਇਥੇ ਆਉਣ ਅਤੇ ਠਹਿਰਨ ਵਾਲੀਆਂ ਸ਼ਖ਼ਸੀਅਤਾਂ ਲਈ ਆਕਰਸ਼ਕ ਬਣਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕੌਮੀ ਸ਼ਹੀਦ ਬਾਈ ਦੀਪ ਸਿੱਧੂ ਦੀ ਚੌਥੀ ਬਰਸੀ ਮੌਕੇ

# ਦੁਬਈ ਵਾਲੇ ਵੀਰਾਂ ਵੱਲੋਂ ਪਿੰਡ ਚੌਕੀਮਾਨ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ



**ਜੰਡਿਆਲਾ ਗੁਰੂ,17 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਕੌਮੀ ਸ਼ਹੀਦ ਭਾਈ ਸੰਦੀਪ ਸਿੰਘ ਦੀਪ ਸਿੱਧੂ ਜੋ ਕਿ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਚੁੱਕਾ ਸੀ,ਕਈਆ ਨੇ ਉਸਨੂੰ ਗਦਾਰ ਕਿਹਾ,ਕਈਆ ਨੇ ਸਰਕਾਰਾ ਦਾ ਮੁਖ਼ਬਰ ਬੰਦਾ ਕਿਹਾ,ਪਰ ਅਸਲ ਵਿੱਚ ਉਹ ਕਿੰਨੀ ਉਚੀ ਸੋਚ ਦਾ ਮਾਲਕ ਸੀ ਕਿ ਅੱਜ ਜੋ ਵੀ ਸਰਕਾਰਾਂ ਦੇ ਮਨਸੂਬੇ ਹਨ,ਸਰਕਾਰਾ ਦੀਆ ਚਾਲਾ ਹਨ ਬਾਈ ਦੀਪ ਸਿੱਧੂ ਕੌਮੀ ਸ਼ਹੀਦ ਦਿੱਲੀ ਧਰਨੇ ਉਪਰੰਤ ਇਹ ਸਭ ਕੁਝ ਪਹਿਲਾਂ ਹੀ ਦੱਸ ਗਿਆ ਸੀ, ਉਹਨਾਂ ਦੇ ਇੱਕ ਇੱਕ ਬੋਲ ਵਿੱਚ ਸਚਾਈ ਸੀ ਜਜਬਾਤ ਸੀ,ਕਿਸਾਨਾ ਪ੍ਰਤੀ ਦਿੱਲੋ ਹਮਦਰਦੀ ਸੀ,ਤਾ ਹੀ ਤਾਂ ਸਰਕਾਰਾ ਦੀ ਅੱਖ ਵਿੱਚ ਰੜਕਦਾ ਸੀ, ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਰਿਹਾ ਸੀ ਦੀਪ ਸਿੱਧੂ,ਚੰਗਾ ਨਾਮ ਵੀ ਕਮਾਇਆ ਫਿਲਮ ਇੰਡਸਟਰੀ ਵਿੱਚ ਪਰ ਫਿਰ ਵੀ ਵਧੀਆ ਜ਼ਿੰਦਗੀ ਵਿੱਚੋਂ ਨਿਕਲ ਕੇ ਕਿਸਾਨਾਂ ਦੀ ਦਿਲੋ ਹਮਦਰਦੀ ਲਈ ਬਗੈਰ ਕਿਸੇ ਡਰ, ਭੈ, ਸਰਕਾਰਾਂ ਨਾਲ ਮੱਥਾ ਲਾਇਆ,ਪਰ ਇਹ ਸਭ ਕੁਝ ਸਰਕਾਰਾਂ ਨੂੰ ਵੇਖ ਜਰ ਨਹੀ ਹੋਇਆ,ਅਤੇ ਆਖਿਰ ਸਰਕਾਰਾਂ ਦੀਆ ਚਾਲਾਂ ਦੀ ਲਪੇਟ ਵਿਚ ਆ ਗਿਆ ਕੋਮੀ ਸ਼ਹੀਦ ਨੂੰ ਅਤੇ ਇਕ ਭਿਆਨਕ ਐਕਸੀਡੈਂਟ ਦਾ ਵਿਖਾਵਾ ਕਰਕੇ ਸਦਾ ਦੀ ਨੀਂਦ ਸਵਾ ਦਿੱਤਾ ਗਿਆ ਇਸ ਕੌਮੀ ਸ਼ਹੀਦ ਦੁਨਿਆਵੀ ਤੋਰ ਤੇ ਬੇਸੱਕ ਸਾਡੇ ਵਿੱਚ ਨਹੀ ਰਿਹਾ।ਪਰ ਉਸਦੀਆਂ ਯਾਦਾਂ ਅਜੇ ਵੀ ਨੌਜਵਾਨਾ ਦੇ ਦਿਲਾਂ ਦੀ ਧੜਕਣ ਬਣ ਕੇ ਰਹਿ ਗਈਆਂ ਹਨ। ਅਤੇ ਹਰ ਸਾਲ ਲੋਕ ਉਸ ਦੀ ਯਾਦ ਵਿੱਚ ਉਸਦੀ ਬਰਸੀ ਮਨਾਉਂਦੇ ਹਨ ਅਤੇ ਬਹੁਤ ਵੱਡੇ ਵੱਡੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਅਤੇ ਉਸ ਟਾਈਮ ਹਰੇਕ ਦੀਆਂ ਅੱਖਾ ਨਮ ਹੋ ਜਾਂਦੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੁਬਈ ਵਿੱਚ ਵਸਦੇ ਪ੍ਰਦੇਸੀ ਪੰਜਾਬੀ ਭਾਈਚਾਰੇ ਵੱਲੋਂ, ਉਹਨਾਂ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ, ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਵਰਿੰਦਰ ਸਿੰਘ ਬਾਲੀਆ ਮੰਜਪੁਰ ਨੇ ਅੱਗੇ ਕਿਹਾ ਕਿ ਦੁਬਈ ਸਪੈਸਲ ਤੌਰ ਤੇ ਪੰਜਾਬ ਦੀ ਧਰਤੀ ਤੇ ਪਹੁੰਚ ਕਿ ਬਾਈ ਦੀਪ ਸਿੱਧੂ ਦੀ ਯਾਦ ਵਿੱਚ ਇਹ ਤੀਸਰਾ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ।, ਉਹਨਾਂ ਕਿਹਾ ਕਿ ਪਹਿਲੇ ਦੋ ਕੈਂਪ ਦੁਬਈ ਦੀ ਧਰਤੀ ਉੱਤੇ ਲਗਾ ਚੁੱਕੇ ਹਾਂ।, ਅਤੇ ਇਹ ਤੀਸਰਾ ਕੈਂਪ ਚੌਂਕੀਮਾਨ ਜਗਰਾਉਂ ਪੰਜਾਬ ਦੀ ਧਰਤੀ ਤੇ ਬਾਈ ਦੀਪ ਸਿੱਧੂ ਦੀ ਬਰਸ਼ੀ ਮੌਕੇ ਲਗਾਇਆ ਗਿਆ ਹੈ।, ਇਸ ਮੌਕੇ ਤੇ ਬਾਈ ਦੀਪ ਸਿੰਘ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਨੇ ਇਸ ਖ਼ੂਨਦਾਨ ਕੈਂਪ ਵਿੱਚ ਬਹੁਤ ਸਹਿਯੋਗ ਦਿੱਤਾ ਅਤੇ ਸਾਰੇ ਵੀਰਾਂ ਨੇ ਤਨਦੇਹੀ ਨਾਲ ਸੇਵਾ ਨਿਭਾਈ ਅਤੇ ਖ਼ੂਨ ਦਾਨ ਕਰਨ ਵਾਲੇ ਵੀਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਇਸ ਮੌਕੇ ਤੇ ਓਂਕਾਰ ਸਿੰਘ ,ਰਮਨਦੀਪ ਸਿੰਘ, ਸੰਦੀਪ ਸਿੰਘ ,ਰਵਿੰਦਰ ਸਿੰਘ ,ਗੁਰਵਿੰਦਰ ਸਿੰਘ ,ਜੱਸੀ ਵੀਰ, ਸੁਖਵਿੰਦਰ ਸਿੰਘ ਖੀਰਨੀਆ ,ਲਾਭ ਸਿੰਘ, ਲਖਬੀਰ ਸਿੰਘ ਜੀ ਜੰਡਿਆਲਾ ਗੁਰੂ ਤੋਂ ਦੁਬਈ ਵਾਲੇ, ਅਮਨਦੀਪ ਸਿੰਘ ਸਾਬੀ ਬਹਿਰੀਨ ਵਾਲਾ, ਓਕਾਰ ਸਿੰਘ ਰਮਨਦੀਪ ਸਿੰਘ ਸੰਦੀਪ ਸਿੰਘ,ਨਿਸਾਨ ਸਿੰਘ, ਰਵਿੰਦਰ ਸਿੰਘ ਗੁਰਵਿੰਦਰ ਵੀਰ ਜੱਸੀ ਵੀਰ, ਅਤੇ ਵਰਿੰਦਰ ਸਿੰਘ ਬਾਲੀਆ ਮੰਝਪੁਰ ਦੁਬਈ ਵਾਲੇ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ

# ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਮੇਅਰ ਅਤੇ ਡਿਪਟੀ ਮੇਅਰ ਨੂੰ ਦਿੱਤਾ ਸੱਦਾ




**ਚੌਕ ਮਹਿਤਾ, 17 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਹਾਰਾਸ਼ਟਰ ਸਰਕਾਰ ਵਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮ ਜੋਂ ਕਿ ਮੁੰਬਈ ਖਰਘਰ ਵਿਖੇ 28 ਫਰਵਰੀ ਅਤੇ 1 ਮਾਰਚ ਨੂੰ ਕਰਵਾਏ ਜਾ ਰਹੇ ਹਨ ਇਸ ਮੌਕੇ ਮਹਾਂਰਾਸਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਚੇਅਰਮੈਨ ਬੱਲ ਮਲਕੀਤ ਸਿੰਘ, ਕਨਵੀਨਰ ਅਤੇ ਨਿਮੰਤਰਕ ਰਾਜ ਪੱਧਰੀ ਕਮੇਟੀ ਵਲੋਂ ਮੇਅਰ ਰਿਤੂ ਤਾਵਾੜੇ ਅਤੇ ਡਿਪਟੀ ਮੇਅਰ ਸੰਜੇ ਗੜ੍ਹੀ ਨੂੰ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਦਿੱਤਾ ਗਿਆ ਅਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਮੇਅਰ ਅਤੇ ਡਿਪਟੀ ਮੇਅਰ ਨੇ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਇਸ ਮੌਕੇ ਬੱਲ ਮਲਕੀਤ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮ ਨਾਗਪੁਰ ਅਤੇ ਨਾਂਦੇੜ ਵਿਖੇ ਕਰਵਾਇਆ ਜਾ ਚੁੱਕਿਆ ਹੈ ਅਤੇ ਹੁਣ ਮੁੰਬਈ ਖਰਘਰ ਵਿਖੇ ਕਰਵਾਇਆ ਜਾ ਰਿਹਾ ਹੈ ਜਿਸਦੀਆਂ ਤਿਆਰੀਆਂ ਪੂਰੀਆਂ ਜੋਰਾ ਤੇ ਚੱਲ ਰਹੀਆਂ ਹਨ ਇਸ ਮੌਕੇ ਚਰਨਦੀਪ ਸਿੰਘ ਹੈਪੀ ਨਗਰ ਸੇਵਕ,ਪਰਮਜੀਤ ਸਿੰਘ ਬੱਲ ਪ੍ਰਧਾਨ ਖ਼ਰਘਰ ਗੁਰਦਆਰਾ,ਪ੍ਰਤਾਪ ਸਿੰਘ ਸੈਕਟਰੀ ਖਰਘਰ ਗੁਰਦਆਰਾ,ਨਿਲੇਸ਼ ਯਾਦਵ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨੁੱਖੀ ਸਰੀਰ ਦੇ ਹਾਰਮੋਨ



ਹਾਰਮੋਨ ਜੀਵ ਰਸਾਇਣਿਕ ਸੰਦੇਸ਼ਵਾਹਕ (biochemical messengers) ਹੁੰਦੇ ਹਨ ਜੋ ਮਨੁੱਖੀ ਸਰੀਰ ਦੀ ਲਗਭਗ ਹਰ ਜੈਵਿਕ ਪ੍ਰਕਿਰਿਆ ਨੂੰ ਨਿਯੰਤਰਿਤ ਕਰਦੇ ਹਨ। ਇਹ ਮੁੱਖ ਤੌਰ 'ਤੇ ਐਂਡੋਕ੍ਰਾਈਨ ਗ੍ਰੰਥੀਆਂ ਦੁਆਰਾ ਪੈਦਾ ਕੀਤੇ ਜਾਂਦੇ ਹਨ ਅਤੇ ਖ਼ੂਨ ਰਾਹੀਂ ਸਰੀਰ ਦੇ ਨਿਰਧਾਰਤ ਅੰਗਾਂ ਤੱਕ ਪਹੁੰਚ ਕੇ ਵਿਕਾਸ, ਮੈਟਾਬੋਲਿਜ਼ਮ, ਪ੍ਰਜਨਨ, ਮਨੋਦਸ਼ਾ, ਰੋਗ-ਰੋਧਕਤਾ ਅਤੇ ਹੋਮਿਓਸਟੇਸਿਸ ਨੂੰ ਪ੍ਰਭਾਵਿਤ ਕਰਦੇ ਹਨ।ਗਰਭ ਅਵਸਥਾ ਤੋਂ ਬੁਢ.ਾਪੇ ਤੱਕ, ਹਾਰਮੋਨਾਂ ਦਾ ਸੰਤੁਲਨ ਸਰੀਰ ਦੀ ਬਣਤਰ, ਮੁਰੰਮਤ ਅਤੇ ਸੁਚਾਰੂ ਕਾਰਗੁਜ਼ਾਰੀ ਦੀ ਸਮਰੱਥਾ ਨਿਰਧਾਰਤ ਕਰਦਾ ਹੈ।ਆਧੁਨਿਕ ਇਲਾਜ਼ ਪ੍ਰਣਾਲੀ ਦੇ ਵਿਗਿਆਨ ਨੇ ਐਂਡੋਕ੍ਰਾਈਨ ਸਿਹਤ ਨੂੰ ਸਮੁੱਚੀ ਤੰਦਰੁਸਤੀ ਦਾ ਕੇਂਦਰੀ ਸਤੰਭ ਮੰਨਿਆ ਹੈ, ਕਿਉਂਕਿ ਹਾਰਮੋਨਾਂ ਦੀ ਗੜਬੜ ਕਈ ਬਿਮਾਰੀਆਂ ਨਾਲ ਜੁੜੀ ਹੋਈ ਹੈ।

**ਐਂਡੋਕ੍ਰਾਈਨ ਪ੍ਰਣਾਲੀ**-ਐਂਡੋਕ੍ਰਾਈਨ ਪ੍ਰਣਾਲੀ ਗ੍ਰੰਥੀਆਂ ਦਾ ਇੱਕ ਜਾਲ ਹੈ ਜੋ ਹਾਰਮੋਨ ਸਿੱਧੇ ਖ਼ੂਨ ਵਿੱਚ ਛੱਡਦੀਆਂ ਹਨ।

**ਮੁੱਖ ਐਂਡੋਕ੍ਰਾਈਨ ਗ੍ਰੰਥੀਆਂ**:ਹਾਇਪੋਥੈਲਾਮਸ — ਨਰਵ ਪ੍ਰਣਾਲੀ ਅਤੇ ਐਂਡੋਕ੍ਰਾਈਨ ਪ੍ਰਣਾਲੀ ਨੂੰ ਜੋੜਣ ਵਾਲਾ ਨਿਊਰੋਐਂਡੋਕ੍ਰਾਈਨ ਨਿਯੰਤਰਣ ਕੇਂਦਰ।

ਪੀਟੂਟਰੀ ਗ੍ਰੰਥੀ — ਮਾਸਟਰ ਗ੍ਰੰਥੀ ਜੋ ਹੋਰ ਗ੍ਰੰਥੀਆਂ ਨੂੰ ਨਿਯੰਤਰਿਤ ਕਰਦੀ ਹੈ।
ਥਾਇਰਾਇਡ ਗ੍ਰੰਥੀ — ਮੈਟਾਬੋਲਿਕ ਦਰ ਅਤੇ ਊਰਜਾ ਉਤਪਾਦਨ ਨੂੰ ਨਿਯੰਤਰਿਤ ਕਰਦੀ ਹੈ।
ਪੈਰਾਥਾਇਰਾਇਡ ਗ੍ਰੰਥੀਆਂ — ਕੈਲਸ਼ੀਅਮ ਸੰਤੁਲਨ ਨੂੰ ਸੰਭਾਲਦੀਆਂ ਹਨ।
ਐਡ੍ਰੀਨਲ ਗ੍ਰੰਥੀਆਂ — ਤਣਾਅ ਪ੍ਰਤੀਕਿਰਿਆ, ਰੱਤ ਦਾ ਦਬਾਅ ਅਤੇ ਮੈਟਾਬੋਲਿਜ਼ਮ ਨੂੰ ਸੰਭਾਲਦੀਆਂ ਹਨ।
ਪੈਂਕਰੀਆਸ — ਖ਼ੂਨ ਵਿੱਚ ਗਲੂਕੋਜ਼ ਦੀ ਮਾਤਰਾ ਨੂੰ ਨਿਯੰਤਰਿਤ ਕਰਦਾ ਹੈ।
ਗੋਨਾਡਸ (ਅੰਡਾਸ਼ਯ ਅਤੇ ਵ੍ਰਿਸ਼ਣ) — ਪ੍ਰਜਨਨ ਕਾਰਜਾਂ ਨੂੰ ਨਿਯੰਤਰਿਤ ਕਰਦੇ ਹਨ।

ਹਾਰਮੋਨ ਖਾਸ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ ਅਤੇ ਕੋਸ਼ਿਕਾਵਾਂ ਅੰਦਰ ਐਸੀਆਂ ਪ੍ਰਕਿਰਿਆਵਾਂ ਚਾਲੂ ਕਰਦੇ ਹਨ ਜੋ ਜੀਨ ਬਣਤਰ, ਐਨਜ਼ਾਈਮ ਗਤੀਵਿਧੀ ਜਾਂ ਕੋਸ਼ਿਕਾ ਝਿੱਲੀ ਦੇ ਕਾਰਜ ਨੂੰ ਬਦਲ ਦਿੰਦੀਆਂ ਹਨ। ਬਹੁਤ ਥੋੜ੍ਹੀ ਮਾਤਰਾ ਵੀ ਗਹਿਰਾ ਪ੍ਰਭਾਵ ਪਾ ਸਕਦੀ ਹੈ, ਇਸ ਲਈ ਸੁਚੱਕ ਨਿਯੰਤਰਣ ਬਹੁਤ ਜ਼ਰੂਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਹਾਰਮੋਨਾਂ ਦੀ ਵਰਗੀਕਰਨ**-ਪੈਪਟਾਈਡ ਅਤੇ ਪ੍ਰੋਟੀਨ ਹਾਰਮੋਨ

ਇਹ ਐਮੀਨੋ ਐਸਿਡਾਂ ਤੋਂ ਬਣੇ ਹੁੰਦੇ ਹਨ ਅਤੇ ਕੋਸ਼ਿਕਾਵਾਂ ਦੀ ਸਤ੍ਹਾ 'ਤੇ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ। **ਉਦਾਹਰਨ**: ਇੰਸੁਲਿਨ, ਗ੍ਰੋਥ ਹਾਰਮੋਨ, ਪ੍ਰੋਲੈਕਟਿਨ, ਆਕਸੀਟੋਸਿਨ **ਕਾਰਜ**: ਗਲੂਕੋਜ਼ ਮੈਟਾਬੋਲਿਜ਼ਮ ਦਾ ਨਿਯੰਤਰਣ,ਵਿਕਾਸ ਅਤੇ ਟਿਸ਼ੂ ਮੁਰੰਮਤ,ਦੁੱਧ ਸ੍ਰਾਵ ਅਤੇ ਮਾਤ੍ਰਤਵ ਵਰਤਾਅ,ਦ੍ਰਵ ਸੰਤੁਲਨ ਸਟੀਰਾਇਡ ਹਾਰਮੋਨ। ਇਹ ਕੋਲੇਸਟਰੋਲ ਤੋਂ ਬਣਦੇ ਹਨ ਅਤੇ ਕੋਸ਼ਿਕਾ ਝਿੱਲੀ ਪਾਰ ਕਰਕੇ ਜੀਨ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ। **ਉਦਾਹਰਨ**: ਕੋਰਟਿਸੋਲ, ਐਲਡੋਸਟੀਰੋਨ, ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ **ਕਾਰਜ**: ਤਣਾਅ ਨਾਲ ਅਨੁਕੂਲਨ,ਲੂਣ ਅਤੇ ਪਾਣੀ ਦਾ ਸੰਤੁਲਨ,ਲਿੰਗੀ ਵਿਕਾਸ ਅਤੇ ਪ੍ਰਜਨਨ ਸਮਰੱਥਾ, ਸੋਜ਼ ਵਿਰੋਧੀ ਪ੍ਰਭਾਵ। **ਐਮੀਨ ਹਾਰਮੋਨ**-ਇਹ ਇਕੱਲੇ ਐਮੀਨੋ ਐਸਿਡਾਂ (ਜਿਵੇਂ ਟਾਇਰੋਸੀਨ ਜਾਂ ਟ੍ਰਿਪਟੋਫੈਨ) ਤੋਂ ਬਣਦੇ ਹਨ।ਉਦਾਹਰਨ: ਥਾਇਰੋਕਸੀਨ, ਟ੍ਰਾਈਆਇਓਡੋਥਾਇਰੋਨਿਨ, ਐਡ੍ਰੇਨਲਿਨ, ਮੇਲਾਟੋਨਿਨ **ਕਾਰਜ**: ਮੈਟਾਬੋਲਿਕ ਦਰ ਦਾ ਨਿਯੰਤਰਣ,ਲੜੋ-ਜਾਂ-ਭੱਜੋ ਪ੍ਰਤੀਕਿਰਿਆ,ਨੀਂਦ-ਜਾਗਣ ਚੱਕਰ,ਮਨੋਦਸ਼ਾ ਅਤੇ ਚੌਕਸੀ **ਹਾਰਮੋਨਾਂ ਦੀ ਜੈਵਿਕ ਮਹੱਤਤਾ**-ਮੈਟਾਬੋਲਿਜ਼ਮ ਅਤੇ ਊਰਜਾ ਸੰਤੁਲਨ ਥਾਇਰਾਇਡ ਹਾਰਮੋਨ ਬੇਸਲ ਮੈਟਾਬੋਲਿਕ ਦਰ, ਆਕਸੀਜ਼ਨ ਖਪਤ ਅਤੇ ਗਰਮੀ ਉਤਪਾਦਨ ਨੂੰ ਨਿਯੰਤਰਿਤ ਕਰਦੇ ਹਨ। ਇੰਸੁਲਿਨ ਅਤੇ ਗਲੂਕਾਗੋਨ ਖ਼ੂਨ ਵਿੱਚ ਗਲੂਕੋਜ਼ ਦਾ ਸੰਤੁਲਨ ਬਣਾਈ ਰੱਖਦੇ ਹਨ। **ਵਿਕਾਸ ਅਤੇ ਵਿਕਾਸੀ ਪ੍ਰਕਿਰਿਆ**-ਗ੍ਰੋਥ ਹਾਰਮੋਨ, ਥਾਇਰਾਇਡ ਹਾਰਮੋਨ ਅਤੇ ਲਿੰਗੀ ਹਾਰਮੋਨ ਸਰੀਰਕ ਪਕਾਵਟ, ਹੱਡੀਆਂ ਦੇ ਵਿਕਾਸ ਅਤੇ ਕਿਸ਼ੋਰ ਅਵਸਥਾ ਨੂੰ ਨਿਯੰਤਰਿਤ ਕਰਦੇ ਹਨ। **ਪ੍ਰਜਨਨ**-ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ, ਗੈਮੀਟ ਬਣਤਰ, ਮਾਸਿਕ ਚੱਕਰ, ਗਰਭਧਾਰਣ ਅਤੇ ਦੂਜੇ ਲਿੰਗੀ ਲੱਛਣਾਂ ਨੂੰ ਨਿਯੰਤਰਿਤ ਕਰਦੇ ਹਨ। **ਤਣਾਅ ਅਤੇ ਅਨੁਕੂਲਨ**-ਕੋਰਟਿਸੋਲ ਅਤੇ ਐਡ੍ਰੇਨਲਿਨ ਤਣਾਅ ਸਮੇਂ ਊਰਜਾ ਜਾਰੀ ਕਰਦੇ ਹਨ ਅਤੇ ਦਿਲ-ਰੱਤ ਪ੍ਰਣਾਲੀ ਨੂੰ ਸਥਿਰ ਰੱਖਦੇ ਹਨ। ਹੋਮਿਓਸਟੇਸਿਸ,ਏ ਡੀ ਐਚ, ਐਲਡੋਸਟੀਰੋਨ ਅਤੇ ਪੈਰਾਥਾਇਰਾਇਡ ਹਾਰਮੋਨ ਪਾਣੀ ਸੰਤੁਲਨ,ਰੱਤ ਦਬਾਅ ਅਤੇ ਖਣਿਜ ਪੱਧਰ ਨੂੰ ਸੰਭਾਲਦੇ ਹਨ।ਹਾਰਮੋਨਾਂ ਦੀ ਘਾਟ ਅਤੇ ਸੰਬੰਧਤ ਬਿਮਾਰੀਆਂ ਥਾਇਰਾਇਡ ਘਾਟ — ਹਾਈਪੋਥਾਇਰਾਇਡਿਜ਼ਮ ਥਕਾਵਟ, ਵਜ਼ਨ ਵੱਧਣਾ, ਠੰਢ ਅਸਹਿਣਸ਼ੀਲਤਾ, ਸੁੱਕੀ ਚਮੜੀ, ਵਾਲ ਝੜਨਾ, ਡਿਪ੍ਰੈਸ਼ਨ। ਬੱਚਿਆਂ ਵਿੱਚ ਵਿਕਾਸ ਅਤੇ ਬੁੱਧੀ 'ਤੇ ਅਸਰ

ਇੰਸੁਲਿਨ ਘਾਟ — ਟਾਈਪ 1 ਡਾਇਬਟੀਜ਼
ਖ਼ੂਨ ਵਿੱਚ ਸ਼ੱਕਰ ਵੱਧਣਾ, ਬਹੁਤ ਪਿਆਸ, ਵਾਰ-ਵਾਰ ਪੇਸ਼ਾਬ
**ਕੀਟੋਐਸੀਡੋਸਿਸ ਦਾ ਖਤਰਾ**-ਗ੍ਰੋਥ ਹਾਰਮੋਨ ਘਾਟ,ਬੱਚਿਆਂ ਵਿੱਚ ਵਾਧੇ ਦਾ ਰੁੱਕਣਾ,
ਵੱਡਿਆਂ ਵਿੱਚ ਮਾਸਪੇਸ਼ੀਆਂ ਘੱਟਣਾ, ਚਰਬੀ ਵੱਧਣਾ
ਕੋਰਟਿਸੋਲ ਘਾਟ — ਐਡੀਸਨ ਬਿਮਾਰੀ
ਕਮਜ਼ੋਰੀ, ਘੱਟ ਬਲੱਡ ਪ੍ਰੈਸ਼ਰ,ਚਮੜੀ ਦਾ ਕਾਲਾਪਣ
ਇਲੈਕਟ੍ਰੋਲਾਈਟ ਗੜਬੜ, ਲਿੰਗੀ ਹਾਰਮੋਨ ਘਾਟ
ਪੁਰਸ਼ਾਂ ਵਿੱਚ ਮਰਦਾਨਾ ਤਾਕਤ ਦਾ ਘੱਟਣਾ, ਬਾਂਝਪਨ
ਮਹਿਲਾਵਾਂ ਵਿੱਚ ਮਾਸਿਕ ਗੜਬੜ, ਹੱਡੀਆਂ ਦੀ ਕਮਜ਼ੋਰੀ
ਹਾਰਮੋਨਾਂ ਦੀ ਅਧਿਕਤਾ ਨਾਲ ਰੋਗ
ਹਾਈਪਰਥਾਇਰਾਇਡਿਜ਼ਮ — ਵਜ਼ਨ ਘਟਣਾ, ਚਿੰਤਾ
ਕੁਸ਼ਿੰਗ ਸਿੰਡਰੋਮ — ਵੱਧ ਕੋਰਟਿਸੋਲ, ਮੋਟਾਪਾ, ਹਾਈ ਬਲੱਡ ਪ੍ਰੈਸ਼ਰ
ਐਕ੍ਰੋਮੇਗੇਲੀ — ਵੱਧ ਗ੍ਰੋਥ ਹਾਰਮੋਨ ਨਾਲ ਹੱਡੀਆਂ ਵੱਡੀਆਂ
ਹਾਈਪਰਇੰਸੁਲਿਨਿਜ਼ਮ — ਖ਼ੂਨ ਵਿੱਚ ਸ਼ੱਕਰ ਘੱਟਣਾ
ਆਹਾਰ, ਜੀਵਨਸ਼ੈਲੀ ਅਤੇ ਹਾਰਮੋਨ ਸਿਹਤ

ਹਾਰਮੋਨ ਖੁਰਾਕ ਤੋਂ ਸਿੱਧੇ ਤੌਰ 'ਤੇ ਪ੍ਰਾਪਤ ਨਹੀਂ ਹੁੰਦੇ ਕਿਉਂਕਿ ਪਚਨ ਦੌਰਾਨ ਟੁੱਟ ਜਾਂਦੇ ਹਨ, ਪਰ ਪੋਸ਼ਣ ਉਨ੍ਹਾਂ ਦੇ ਬਣਨ ਅਤੇ ਕੰਮ 'ਤੇ ਗਹਿਰਾ ਪ੍ਰਭਾਵ ਪਾਂਦਾ ਹੈ।

ਹਾਰਮੋਨ ਬਣਤਰ ਲਈ ਜ਼ਰੂਰੀ ਪੋਸ਼ਕ ਤੱਤ
ਸਿਹਤਮੰਦ ਚਰਬੀਆਂ — ਸਟੀਰਾਇਡ ਹਾਰਮੋਨਾਂ ਲਈ

ਸਰੋਤ: ਸੁੱਕੇ ਫਲ, ਬੀਜ, ਜ਼ੈਤੂਨ ਤੇਲ, ਮੱਛੀ ਉੱਚ ਗੁਣਵੱਤਾ ਪ੍ਰੋਟੀਨ — ਪੈਪਟਾਈਡ ਹਾਰਮੋਨਾਂ ਲਈ ਸਰੋਤ: ਅੰਡੇ, ਦਾਲਾਂ, ਦੁੱਧ ਉਤਪਾਦ ਆਈਓਡਿਨ ਅਤੇ ਸੈਲੇਨੀਅਮ — ਥਾਇਰਾਇਡ ਲਈ ਸਰੋਤ: ਆਈਓਡਾਈਜ਼ਡ ਨਮਕ, ਸਮੁੰਦਰੀ ਭੋਜਨ ਜ਼ਿੰਕ ਅਤੇ ਮੈਗਨੀਸ਼ੀਅਮ ਸਰੋਤ: ਮੋਟਾ ਅਨਾਜ, ਕੱਦੂ ਦੇ ਬੀਜ, ਪਾਲਕ, ਦਾਲਾਂ ਹਾਰਮੋਨ ਸੰਤੁਲਨ ਲਈ ਲਾਭਕਾਰੀ ਭੋਜਨ ਰੇਸ਼ੇ ਵਾਲੇ ਭੋਜਨ — ਇੰਸੁਲਿਨ ਸੰਵੇਦਨਸ਼ੀਲਤਾ ਵਧਾਉਂਦੇ ਸਬਜ਼ੀਆਂ (ਬ੍ਰੋਕਲੀ, ਬੰਦਗੋਭੀ, ਫੁੱਲਗੋਭੀ) — ਈਸਟ੍ਰੋਜਨ ਮੈਟਾਬੋਲਿਜ਼ਮ ਵਿੱਚ ਮਦਦ ਫਰਮੈਂਟਡ ਭੋਜਨ — ਅੰਤੜੀਆ ਮਾਈਕ੍ਰੋਬਾਇਓਟਾ ਸੁਧਾਰਦੇ ਜੀਵਨਸ਼ੈਲੀ ਦੇ ਪ੍ਰਭਾਵ ਨੀਂਦ — ਮੇਲਾਟੋਨਿਨ ਅਤੇ ਹੋਰ ਹਾਰਮੋਨ ਸੰਤੁਲਨ ਲਈ ਜ਼ਰੂਰੀ ਹੈ। ਕਸਰਤ — ਇੰਸੁਲਿਨ ਸੰਵੇਦਨਸ਼ੀਲਤਾ ਅਤੇ ਗ੍ਰੋਥ ਹਾਰਮੋਨ ਵਧਾਉਂਦਾ ਹੈ। ਤਣਾਅ ਪ੍ਰਬੰਧਨ — ਵੱਧ ਕੋਰਟਿਸੋਲ ਤੋਂ ਬਚਾਉਂਦਾ ਹੈ।ਪ੍ਰਦੂਸ਼ਣ — ਰਸਾਇਣਿਕ ਪਦਾਰਥ ਹਾਰਮੋਨਾਂ ਦੀ ਨਕਲ ਜਾਂ ਰੁਕਾਵਟ ਪੈਦਾ ਕਰ ਸਕਦੇ ਹਨ। ਜੀਵਨ ਦੇ ਵੱਖ-ਵੱਖ ਪੜਾਅ ਵਿੱਚ ਹਾਰਮੋਨ ਬਚਪਨ — ਗ੍ਰੋਥ ਹਾਰਮੋਨ ਹਾਵੀ ਕਿਸ਼ੋਰ ਅਵਸਥਾ — ਲਿੰਗੀ ਹਾਰਮੋਨਾਂ ਵਿੱਚ ਵਾਧਾ । ਵਿਆਸਕ ਅਵਸਥਾ — ਪ੍ਰਜਨਨ ਸਥਿਰਤਾ। ਬੁਢ.ਾਪਾ — ਹਾਰਮੋਨਾਂ ਵਿੱਚ ਘਾਟ। ਇਹ ਬਦਲਾਅ ਸਰੀਰਕ ਬਣਤਰ, ਦਿਮਾਗੀ ਕਾਰਜ, ਹੱਡੀ ਦੀ ਮਜ਼ਬੂਤੀ ਅਤੇ ਰੋਗ ਖਤਰੇ ਨੂੰ ਪ੍ਰਭਾਵਿਤ ਕਰਦੇ ਹਨ। ਹਾਰਮੋਨ ਸਰੀਰ ਵਿੱਚ ਸੰਚਾਰ ਦਾ ਇੱਕ ਜਟਿਲ ਜਾਲ ਬਣਾਉਂਦੇ ਹਨ ਜੋ ਜੀਵ ਵਿਗਿਆਨਕ ਸੰਤੁਲਨ ਨੂੰ ਬਣਾਈ ਰੱਖਦਾ ਹੈ।ਇਹ ਕੋਸ਼ਿਕਾਵਾਂ ਦੀ ਮੈਟਾਬੋਲਿਜ਼ਮ ਤੋਂ ਲੈ ਕੇ ਭਾਵਨਾਤਮਕ ਨਿਯੰਤਰਣ ਅਤੇ ਪ੍ਰਜਨਨ ਤੱਕ ਹਰ ਖੇਤਰ 'ਤੇ ਪ੍ਰਭਾਵ ਪਾਂਦੇ ਹਨ। ਹਾਰਮੋਨਾਂ ਦੀ ਘਾਟ ਜਾਂ ਵਾਧਾ ਦੋਵੇਂ ਹੀ ਗੰਭੀਰ ਰੋਗ ਪੈਦਾ ਕਰ ਸਕਦੇ ਹਨ, ਇਸ ਲਈ ਸੰਤੁਲਨ ਬਹੁਤ ਜ਼ਰੂਰੀ ਹੈ। ਸਹੀ ਆਹਾਰ, ਕਸਰਤ, ਨੀਂਦ ਅਤੇ ਤਣਾਅ ਨਿਯੰਤਰਣ ਹਾਰਮੋਨਾਂ ਦੇ ਸੁਚਾਰੂ ਕੰਮ ਲਈ ਅਹਿਮ ਹਨ। ਅਸਲ ਵਿੱਚ, ਹਾਰਮੋਨ ਸਿਰਫ਼ ਰਸਾਇਣ ਨਹੀਂ — ਇਹ ਉਹ ਜੈਵਿਕ ਭਾਸ਼ਾ ਹਨ ਜਿਸ ਰਾਹੀਂ ਸਰੀਰ ਜੀਵਨ ਨੂੰ ਕਾਇਮ ਰੱਖਦਾ, ਬਦਲਾਅ ਨਾਲ ਅਨੁਕੂਲ ਹੁੰਦਾ ਅਤੇ ਸਿਹਤ ਨੂੰ ਬਣਾਈ ਰੱਖਦਾ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਵਿਭਾਗ ਦੇ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

### ਛੱਤੀਸਗੜ੍ਹ ਦੇ ਰਾਏਪੁਰ ਸਥਿਤ ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਰਾਵਾਂਭਾਟਾ ਦੀ ਇਮਾਰਤ

# ਨਵੀਨੀਕਰਨ ਮਗਰੋਂ ਸੰਗਤ ਅਰਪਣ




ਆਵਾਜ਼ਿ ਕੌਮ AWAZE QAUM International Newspaper & WEB TV

ਨਵੀਂ ਦਿੱਲੀ, 17 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਏਪੁਰ ਵਿਖੇ ਛੱਤੀਸਗੜ੍ਹ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪ੍ਰਮੁੱਖ ਸਿੱਖ ਆਗੂਆਂ ਨਾਲ ਇਕੱਤਰਤਾ ਕਰਕੇ ਸੂਬੇ ਅੰਦਰ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਰਚਾ ਕੀਤੀ ਅਤੇ ਭਵਿੱਖ ਵਿਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਹੋਰ ਤੇਜ਼ ਕਰਨ ਲਈ ਰੂਪ-ਰੇਖਾ ਉਲੀਕੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਛੱਤੀਸਗੜ੍ਹ ਦੇ ਰਾਏਪੁਰ ਵਿਖੇ ਸਥਿਤ ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਰਾਵਾਂਭਾਟਾ ਦੀ ਇਮਾਰਤ ਦੇ ਨਵੀਨੀਕਰਨ ਮਗਰੋਂ ਸੰਗਤ ਅਰਪਣ ਕਰਨ ਸਮੇਂ ਹੋ ਰਹੇ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਉਂਦੀਆਂ ਸੰਗਤਾਂ ਦੀ ਰਿਹਾਇਸ਼ ਲਈ 'ਸ੍ਰੀ ਗੁਰੂ ਨਾਨਕ ਦੇਵ ਭਵਨ' ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਛੱਤੀਸਗੜ੍ਹ ਰਾਹੀਂ ਚਲਾਇਆ ਜਾਂਦਾ ਹੈ। ਇਸ ਦਰਬਾਰ ਦੇ ਨਵੀਨੀਕਰਨ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਸ. ਜਗਜੀਤ ਸਿੰਘ ਖਨੂਜਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਰਵਾਈ ਗਈ ਹੈ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਰਾਹੀਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਉਚੇਚੇ ਯਤਨ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਸਿੱਖ ਮਿਸ਼ਨ ਛੱਤੀਸਗੜ੍ਹ ਵੀ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਲਈ ਛੱਤੀਸਗੜ੍ਹ ਦੀਆਂ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਉਚੇਚੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵੱਡੇ ਮਾਣ ਵਾਲੀ ਗੱਲ ਹੈ ਕਿ ਬਾਹਰ ਵੱਸਦੇ ਸਿੱਖਾਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਆਪਣੇ ਸਿੱਖੀ ਸਰੂਪ ਨੂੰ ਸੰਭਾਲ ਕੇ ਰੱਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਸਿੱਖ ਦੀ ਆਪਣੀ ਸੰਸਥਾ ਹੈ, ਜਿਸ ਨੂੰ ਸਾਡੇ ਬਜ਼ੁਰਗਾਂ ਨੇ ਲੰਮੇ ਸੰਘਰਸ਼ ਤੋਂ ਬਾਅਦ ਹੋਂਦ ਵਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਆਪਣੀ ਮਾਣ-ਮੱਤੀ ਸੰਸਥਾ ਨਾਲ ਸਹਿਯੋਗ ਕਰਦਿਆਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰਨੇ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਪਾਵਨ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਹੋਰ ਕਾਰਜ ਵੀ ਕੀਤੇ ਜਾਣਗੇ, ਜਿਸ ਲਈ ਵਿਸ਼ੇਸ਼ ਤੌਰ 'ਤੇ ਰਾਸ਼ੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸੇ ਦੌਰਾਨ ਛੱਤੀਗੜ੍ਹ ਦੇ ਸਮਾਜਸੇਵੀ ਤੇ ਸਿੱਖ ਆਗੂ ਸ. ਬਲਦੇਵ ਸਿੰਘ ਭਾਟੀਆ ਅਤੇ ਛੱਤੀਸਗੜ੍ਹ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਅਮਰਜੀਤ ਸਿੰਘ ਛਾਬੜਾ ਨੇ ਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਛੱਤੀਸਗੜ੍ਹ ਦੇ ਸਿੱਖ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਸਿੱਖ ਮਿਸ਼ਨ ਛੱਤੀਸਗੜ੍ਹ ਦੇ ਇੰਚਾਰਜ ਸ. ਗੁਰਮੀਤ ਸਿੰਘ ਸ਼ੈਣੀ ਤੇ ਸ. ਅਜੀਤ ਸਿੰਘ, ਛੱਤੀਸਗੜ੍ਹ ਦੇ ਸਿੱਖ ਆਗੂ ਸ. ਜਗਜੀਤ ਸਿੰਘ ਖਨੂਜਾ, ਸ. ਜੀ.ਐਸ. ਬਾਮਰਾ, ਘੱਟਗਿਣਤੀ ਕਮਿਸ਼ਨ ਛੱਤੀਸਗੜ੍ਹ ਦੇ ਚੇਅਰਮੈਨ ਸ. ਅਮਰਜੀਤ ਸਿੰਘ ਛਾਬੜਾ, ਸ. ਬਲਦੇਵ ਸਿੰਘ ਭਾਟੀਆ, ਸਾਬਕਾ ਵਿਧਾਇਕ ਸ. ਗੁਰਮੁੱਖ ਸਿੰਘ, ਸ. ਕੁਲਦੀਪ ਸਿੰਘ ਜਨੇਜਾ, ਸ. ਰਵੀ ਰਾਜ ਸਿੰਘ, ਸ. ਬਲਰਾਜ ਸਿੰਘ, ਸ. ਗੁਰਮੇਜ ਸਿੰਘ ਭਾਵਰਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

**ਐਡਵੋਕੇਟ ਧਾਮੀ ਨੇ ਸੰਗਤ ਦੀ ਰਿਹਾਇਸ਼ ਲਈ 'ਸ੍ਰੀ ਗੁਰੂ ਨਾਨਕ ਦੇਵ ਭਵਨ' ਦਾ ਰੱਖਿਆ ਨੀਂਹ ਪੱਥਰ**

### ਪ੍ਰਧਾਨ ਮੰਤਰੀ ਮੋਦੀ ਨੂੰ ਕਿਸਾਨ ਵਿਰੋਧੀ ਅਮਰੀਕੀ ਵਪਾਰ ਸਮਝੌਤੇ 'ਤੇ

# ਦਸਤਖਤ ਨਾ ਕਰਨ ਦੀ ਅਪੀਲ: ਸੰਯੁਕਤ ਕਿਸਾਨ ਮੋਰਚਾ



ਆਵਾਜ਼ਿ ਕੌਮ AWAZE QAUM International Newspaper & WEB TV

**ਨਵੀਂ ਦਿੱਲੀ 17 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਸੰਯੁਕਤ ਕਿਸਾਨ ਮੋਰਚਾ ਦੇਸ਼ ਭਰ ਦੇ ਕਿਸਾਨਾਂ ਨੂੰ ਅਪੀਲ ਕਰਦਾ ਹੈ ਕਿ ਉਹ 9 ਮਾਰਚ, 2026 ਤੋਂ ਪਹਿਲਾਂ ਪਿੰਡ ਪੱਧਰੀ ਜਨਤਕ ਮੀਟਿੰਗਾਂ ਦਾ ਆਯੋਜਨ ਕਰਨ, ਮਤੇ ਪਾਸ ਕਰਨ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਇੱਕ ਖੁੱਲ੍ਹਾ ਪੱਤਰ ਭੇਜਣ, ਮੰਗ ਕਰਨ ਕਿ ਉਹ ਪ੍ਰਧਾਨ ਮੰਤਰੀ ਨੂੰ ਕਿਸਾਨ ਵਿਰੋਧੀ ਅਮਰੀਕੀ ਵਪਾਰ ਸਮਝੌਤੇ 'ਤੇ ਦਸਤਖਤ ਨਾ ਕਰਨ ਅਤੇ ਖੇਤੀਬਾੜੀ ਅਤੇ ਡੇਅਰੀ ਖੇਤਰਾਂ ਨੂੰ ਬਹੁ-ਰਾਸ਼ਟਰੀ ਕੰਪਨੀਆਂ ਲਈ ਖੋਲ੍ਹ ਕੇ ਭਾਰਤ ਦੀ ਸਵੈ-ਨਿਰਭਰਤਾ ਅਤੇ ਪ੍ਰਭੂਸੱਤਾ ਨਾਲ ਸਮਝੌਤਾ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਵਣਜ ਮੰਤਰੀ ਨੂੰ ਬਰਖਾਸਤ ਕਰਨ। ਉਨ੍ਹਾਂ ਕਿਹਾ ਐਸਕੇਐਮ ਮੰਗ ਕਰਦਾ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੁਰੰਤ ਕਿਸਾਨ ਵਿਰੋਧੀ ਡੈਮੀ- ਆਫਿਸ਼ੀਅਲ ਆਰਡਰ ਵਾਪਸ ਲੈਣ। ਐਸਕੇਐਮ ਉਕਤ ਡੀ.ਓ ਨੂੰ ਰੱਦ ਕਰਨ ਲਈ ਕੈਬਨਿਟ ਸਕੱਤਰ ਨੂੰ ਲਿਖ ਰਿਹਾ ਹੈ। ਪੱਤਰ ਵਿੱਚ ਖਰਚ ਸਕੱਤਰ ਵੀ. ਵੁਆਲਾਨਾਮ ਨੂੰ ਹਟਾਉਣ ਦੀ ਮੰਗ ਕੀਤੀ ਜਾਵੇਗੀ, ਜਿਨ੍ਹਾਂ ਨੇ ਪੱਤਰ 'ਤੇ ਦਸਤਖਤ ਕੀਤੇ ਸਨ। ਐਸਕੇਐਮ ਦੀਆਂ ਰਾਜ ਤਾਲਮੇਲ ਕਮੇਟੀਆਂ ਦੇ ਵਫ਼ਦ 27 ਫਰਵਰੀ, 2026 ਨੂੰ ਜਾਂ ਬਾਅਦ ਵਿੱਚ ਉਪਲਬਧ ਹੋਣ 'ਤੇ ਸਬੰਧਤ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਵਿਰੋਧੀ ਧਿਰ ਦੇ ਆਗੂਆਂ ਨਾਲ ਮੁਲਾਕਾਤ ਕਰਨਗੇ, ਤਾਂ ਜੋ ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਅਮਰੀਕੀ ਵਪਾਰ ਸਮਝੌਤੇ ਦਾ ਵਿਰੋਧ ਕਰਨ ਵਾਲੇ ਅਰਧ-ਸਰਕਾਰੀ ਪੱਤਰ ਨੂੰ ਵਾਪਸ ਲੈਣ ਦੀ ਮੰਗ ਕਰਨ ਦੀ ਅਪੀਲ ਕੀਤੀ ਜਾ ਸਕੇ, ਜੋ ਰਾਜਾਂ ਦੀ ਵਿੱਤੀ ਖੁਦਮੁਖਤਿਆਰੀ ਅਤੇ ਕਿਸਾਨਾਂ ਦੇ ਲਾਹੇਵੰਦ ਕੀਮਤਾਂ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ। ਐਸਕੇਐਮ ਇਹ ਵੀ ਮੰਗ ਕਰੇਗਾ ਕਿ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਰਾਜਾਂ ਦੇ ਸੰਘੀ ਅਧਿਕਾਰਾਂ ਦੀ ਰੱਖਿਆ ਕਰਨ, ਸੰਸਦ ਵਿੱਚ ਪ੍ਰਤੀਕਿਰਿਆਸ਼ੀਲ ਜੀਐਸਟੀ ਐਕਟ ਵਿੱਚ ਸੋਧ ਕਰਕੇ ਰਾਜ ਟੈਕਸ ਸ਼ਕਤੀਆਂ ਦੀ ਬਹਾਲੀ ਨੂੰ ਯਕੀਨੀ ਬਣਾਉਣ, ਇਹ ਯਕੀਨੀ ਬਣਾਉਣ ਕਿ ਰਾਜਾਂ ਨੂੰ ਮੌਜੂਦਾ 33% ਦੀ ਬਜਾਏ ਵੰਡਣਯੋਗ ਟੈਕਸ ਪੂਲ ਦਾ 60% ਹਿੱਸਾ ਮਿਲੇ, ਜਿਸ ਵਿੱਚ ਸੈੱਸ ਅਤੇ ਸਰਚਾਰਜ ਸ਼ਾਮਲ ਹੈ, ਤਾਂ ਜੋ ਰਾਜ ਖੇਤੀਬਾੜੀ ਆਧੁਨਿਕੀਕਰਨ ਅਤੇ ਖੇਤੀਬਾੜੀ-ਅਧਾਰਤ ਉਦਯੋਗੀਕਰਨ ਲਈ ਯੋਜਨਾਵਾਂ ਵਿਕਸਤ ਕਰ ਸਕਣ, ਅਤੇ ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਨੂੰ ਯਕੀਨੀ ਬਣਾਉਣ ਅਤੇ ਸਾਰੀਆਂ ਫਸਲਾਂ ਲਈ ਸੀ 2+50% ਦੇ ਘੱਟੋ-ਘੱਟ ਸਮਰਥਨ ਮੁੱਲ ਨਾਲ ਖਰੀਦ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਬਣਾ ਸਕਣ।

## ਕਹਾਣੀਕਾਰ ਲਾਲ ਸਿੰਘ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ : ਅੰਤਿਮ ਸੰਸਕਾਰ 19 ਫਰਵਰੀ ਨੂੰ

**ਚੌਕ ਮਹਿਤਾ, 17 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਸ੍ਰੀ ਲਾਲ ਸਿੰਘ ਦੇ ਦੇਹਾਂਤ 'ਤੇ ਗਹਿਰੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ । ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ, ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਲਾਲ ਸਿੰਘ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ ।20 ਅਪ੍ਰੈਲ 1940 ਨੂੰ ਦਸੂਹਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਜਨਮੇ ਲਾਲ ਸਿੰਘ ਨੇ ਆਪਣੀ ਸਾਹਿਤ ਰਚਨਾ ਅਤੇ ਕਹਾਣੀਆਂ ਰਾਹੀਂ ਪੰਜਾਬੀ ਸਾਹਿਤ ਨੂੰ ਸਮਰੱਥ ਬਣਾਇਆ ਅਤੇ ਸਮਾਜਕ ਸਚਾਈਆਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ।ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ ਸਮੇਤ ਸਮੁੱਚੀ ਸਭਾ ਨੇ ਵਿਛੜੇ ਸਾਹਿਤਕਾਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ ਕਹਾਣੀਕਾਰ ਲਾਲ ਸਿੰਘ ਨੇ ਸਮਾਜਕ ਹਕੀਕਤਾਂ, ਆਮ ਮਨੁੱਖ ਦੇ ਦੁੱਖ-ਦਰਦ ਅਤੇ ਜੀਵਨ ਸੰਘਰਸ਼ ਨੂੰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤਾ। ਉਨ੍ਹਾਂ ਦੇ ਕਹਾਣੀ ਸੰਗ੍ਰਹਿ ਮਾਰਖੋਰੇ (1984), ਬਲੌਰ (1986), ਧੁੱਪ-ਛਾਂ (1990), ਕਾਲੀ ਮਿੱਟੀ (1996), ਚੋਣਵੀਂ ਪੰਜਾਬੀ ਕਹਾਣੀ (1996), ਅੱਧੇ ਅਧੂਰੇ (2003), ਸਰਦੇ ਪੁੱਜਦੇ, ਗੜ੍ਹੀ ਬਖ਼ਸ਼ਾ ਸਿੰਘ (2010) ਅਤੇ ਸੰਸਾਰ (2017) ਪੰਜਾਬੀ ਕਹਾਣੀ ਸਾਹਿਤ ਦੀ ਮਹੱਤਵਪੂਰਨ ਵਿਰਾਸਤ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨਾਲ ਲੰਬੇ ਸਮੇਂ ਤੱਕ ਸਰਗਰਮ ਤੌਰ 'ਤੇ ਜੁੜੇ ਰਹੇ ਅਤੇ ਮੀਤ ਪ੍ਰਧਾਨ ਸਮੇਤ ਕਈ ਅਹੁਦਿਆਂ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ । ਸਭਾ ਦੇ ਅਹੁਦੇਦਾਰਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਤੇ ਸਮਾਜਕ ਘਾਲਣਾ ਹਮੇਸ਼ਾਂ ਯਾਦ ਰੱਖੀ ਜਾਵੇਗੀ । ਲਾਲ ਸਿੰਘ ਦਾ ਅੰਤਿਮ ਸੰਸਕਾਰ 19 ਫਰਵਰੀ ਨੂੰ ਬਾਅਦ ਦੁਪਹਿਰ ਇਕ ਵਜੇ ਸ਼ਮਸ਼ਾਨਘਾਟ ਪਿੰਡ ਕਹਿਰਵਾਲੀ, ਨੇੜੇ ਡਰਾਈਵਿੰਗ ਸਕੂਲ (ਦਸੂਹਾ) ਵਿਖੇ ਕੀਤਾ ਜਾਵੇਗਾ। ਉਨ੍ਹਾਂ ਨਮਿਤ ਭੋਗ 23 ਫਰਵਰੀ ਨੂੰ ਪਾਇਆ ਜਾਵੇਗਾ । ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ ਸਮੁੱਚੀ ਕਾਰਜਕਾਰਨੀ ਨੇ ਵਿਛੜੇ ਸਾਹਿਤਕਾਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

## ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲੋਕਾਂ ਲਈ ਹੋਵੇਗੀ ਲਾਹੇਵੰਦ - ਗਰੇਵਾਲ, ਵਿਰਕ

**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਸਕੀਮ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ ਜੋ ਲੋੜਵੰਦਾਂ ਦਾ ਸਹਾਰਾ ਬਣੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਭਿੰਦਾ ਵਿਰਕ ਅਤੇ ਯੂਥ ਆਗੂ ਮਾਣਾ ਗਰੇਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਸਰਕਾਰ ਦਾ ਸਭ ਤੋਂ ਉੱਤਮ ਇਤਿਹਾਸਕ ਕਦਮ ਹੈ ਜਿਸ ਨਾਲ ਹਰੇਕ ਵਰਗ ਦੇ ਪਰਿਵਾਰਕ ਮੈਂਬਰ ਨੂੰ ਸਿਹਤ ਪੱਖੋਂ ਬਿਨਾਂ ਕਿਸੇ ਸ਼ਰਤ ਤੇ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਅਧੀਨ ਆਉਣ ਵਾਲਾ ਮਰੀਜ ਦਾ ਸਾਰਾ ਖਰਚ ਮਾਨ ਸਰਕਾਰ ਵੱਲੋਂ ਅਦਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੀ ਪਹਿਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਸ ਨੇ ਹਰੇਕ ਵਰਗ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਹੈ ਲੋਕਾਂ ਨਾਲ ਕੀਤੇ ਹਰੇਕ ਵਾਅਦੇ ਨੂੰ ਸਮਾਂ ਰਹਿੰਦਿਆਂ ਪੂਰਾ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਇਆ ਜਾਵੇ ਅਤੇ ਵੱਧ ਤੋਂ ਵੱਧ ਕਾਰਡ ਬਣਾਏ ਜਾਣ ਤਾਂ ਕੋਈ ਵੀ ਇਲਾਜ਼ ਕਰਾਉਣ ਤੋਂ ਵਾਂਝਾ ਨਾ ਰਹੇ।





ਆਵਾਜ਼ਿ ਕੌਮ AWAZE QAUM International Newspaper & WEB TV

## ਵਰ੍ਹੇਗੰਢ ਮੁਬਾਰਕ







ਹਰੀ ਨਰਾਇਣ ਚਾਵਲਾ
ਅਰਵਿੰਦ ਕੌਛੜ
ਜੰਡਿਆਲਾ ਗੁਰੂ
ਪੱਤਰਕਾਰ ਕੁਲਵੰਤ ਸਿੰਘ ਵਿਰਦੀ



ਜਤਿੰਦਰਪਾਲ, ਰਿੰਪੀ ਨੇ ਆਪਣੇ ਵਿਆਹ ਦੀ 25 ਵੀ ਵਰ੍ਹੇਗੰਢ ਮਨਾਈ ਚੌਂਕ ਮਹਿਤਾ ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਂਕ ਮਹਿਤਾ)

ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਵੱਲੋਂ

# 2027 ਦੇ ਮੱਦੇਨਜ਼ਰ ਮੀਟਿੰਗ ਦੀ ਕੀਤੀ ਸ਼ੁਰੂਆਤ





**ਜੰਡਿਆਲਾ ਗੁਰੂ, 17 ਫਰਵਰੀ ( ਕੁਲਵੰਤ ਸਿੰਘ ਵਿਰਦੀ )**-2027 ਦੀਆਂ ਚੋਣਾਂ ਨੂੰ ਜਿੱਤਣ ਲਈ ਹਰੇਕ ਸਿਆਸੀ ਪਾਰਟੀ ਵੱਲੋਂ ਸਿਆਸੀ ਗਤੀਵਿਧੀਆ ਸੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਵੋਟਰਾਂ ਨੂੰ ਆਪਣੀਆਂ ਹੱਕੀ ਮੰਗਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਹੋਂਦ ਵਿੱਚ ਆਉਣ ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਜੀ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰ ਚੁੱਕੇ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਮੁੱਖ ਸੇਵਾਦਾਰ ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ 2027 ਵਿੱਚ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਉਨਾਂ ਦੇ ਸਮਰਥਕਾਂ ਹਲਕਾ ਇੰਚਾਰਜਾਂ ਜਿਲ੍ਹਾ ਪ੍ਰਧਾਨਾਂ, ਦਿਹਾਤੀ ਪ੍ਰਧਾਨਾਂ,ਬਲਾਕ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਬੀਤੇ ਦਿਨ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਅਤੇ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਜੋਰਾਂ ਸੋਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆ ਹਨ ਇਸ ਮੌਕੇ ਬਾਬਾ ਬਿਬੇਕ ਸਿੰਘ ਨੇ ਗੱਲਬਾਤ ਕਰਦਿਆ ਹੋਇਆ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ 2027 ਵਿੱਚ ਵੱਡੀ ਪਾਰਟੀ ਉਭਰ ਕਿ ਸਾਹਮਣੇ ਆਵੇਗੀ ਇਸ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਹੁਕਮ ਅਨੁਸਾਰ ਪੂਰੇ ਪੰਜਾਬ ਵਿੱਚ ਵੱਖ ਵੱਖ ਅਹੁਦੇਦਾਰਾਂ ਸੇਵਾਦਾਰਾਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ! ਅਤੇ ਪੰਜਾਬ ਦੇ ਭਲੇ ਲਈ ਪੰਥਕ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੀ ਸੋਚ ਨੂੰ ਪੰਜਾਬ ਦੇ ਲੋਕਾਂ ਵਿੱਚ ਪਹੁੰਚ ਕਿ ਦੱਸਿਆ ਜਾ ਰਿਹਾ ਹੈ ਅਤੇ ਪਿੰਡਾਂ ਵਿੱਚੋਂ ਭਰਵਾਂ ਹੁੰਗਾਰਾ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਮਿਲ ਰਿਹਾ ਹੈ ! ਇਸ ਮੌਕੇ ਮਨਿੰਦਰ ਸਿੰਘ ਸ੍ਰ ਦਿਲਬਾਗ ਸਿੰਘ ਕਥਾਵਾਚਕ ਗੁਰਵਿੰਦਰ ਸਿੰਘ ਰਣਜੀਤ ਸਿੰਘ ਰਾਣਾ ਹਰਦੀਪ ਸਿੰਘ ਅਮਰੀਕ ਸਿੰਘ ਨਰਵੈਲ ਸਿੰਘ ਪ੍ਰਮਜੀਤ ਸਿੰਘ ਹਰਪ੍ਰੀਤ ਸਿੰਘ ਰੇਸਮ ਸਿੰਘ ਅੰਮ੍ਰਿਤਪਾਲ ਸਿੰਘ ਬਾਬਾ ਜਗਤਾਰ ਸਿੰਘ ਗੁਰਜੀਤ ਸਿੰਘ ਗੋਰਾ ਕੁਲਦੀਪ ਸਿੰਘ ਕੁਲਵੰਤ ਸਿੰਘ ਜਗਰੂਪ ਸਿੰਘ ਲਵਪ੍ਰੀਤ ਸਿੰਘ ਦਿਲਬਾਗ ਸਿੰਘ ਮੁਨਸ਼ੀ,ਮਨਿੰਦਰ ਸਿੰਘ ਜੀ ਖਾਲਸਾ ਬਲਾਕ ਮੈਂਬਰ , ਰਣਜੀਤ ਸਿੰਘ ਰਾਣਾ ਯੂਥਵਿੰਗ,ਸੁਖਵਿੰਦਰ ਸਿੰਘ ਨਿਜ਼ਾਮਪੁਰ ਭਾਈ ਅਮਨਦੀਪ ਸਿੰਘ ਡੱਡੂ ,ਭਾਈ ਬੱਚਿਤਰ ਸਿੰਘ ਆਈ ਟੀ ਸੈਲ ,ਤਰਸਿੱਕਾ ,ਗੁਰਪ੍ਰੀਤ ਸਿੰਘ ਢੱਪਈਆ,ਜਰਮਨਜੀਤ ਸਿੰਘ, ਜਸਪਾਲ ਸਿੰਘ ਨਵਾਂ ਪਿੰਡ,ਸਿਮਰਨ ਜੀਤ ਸਿੰਘ,ਕੰਵਲਪ੍ਰੀਤ ਸਿੰਘ ਰਵੀ,ਬਿਕਰਮ ਸਿੰਘ ਨਰੈਣਗੜ੍ਹ, ਜਸਵਿੰਦਰ ਸਿੰਘ ਨਰੈਣਗੜ੍ਹ ਆਦਿ ਹਾਜ਼ਰ ਸਨ !

**ਭਾਈ ਅੰਮ੍ਰਿਤਪਾਲ ਸਿੰਘ ਨੂੰ 2027 ਚ ਪੰਜਾਬ ਵਾਸੀ ਮੁੱਖ ਮੰਤਰੀ ਦੇਖਣਾ ਚਾਹੁੰਦੇ ਪਿੰਡਾਂ ਚ ਮਿਲ ਰਿਹਾ ਭਰਵਾਂ ਹੁੰਗਾਰਾ-ਬਾਬਾ ਬਿਬੇਕ ਸਿੰਘ**

ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਸਿਆ ਦਾ ਦਿਹਾੜਾ ਮਨਾਇਆ ਗਿਆ

# ਬੁੱਢਾ ਦਲ ਵੱਲੋਂ ਅੰਮ੍ਰਿਤ ਸੰਚਾਰ ਦੌਰਾਨ 55 ਪ੍ਰਾਣੀ ਗੁਰੂ ਵਾਲੇ ਬਣੇ




**ਤਲਵੰਡੀ ਸਾਬੋ, 17 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਗੁਰੂ ਦੀ ਕਾਸ਼ੀ ਦਾ ਵਰ ਪ੍ਰਾਪਤ ਇਤਿਹਾਸਕ ਸ਼ਹਿਰ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮੱਸਿਆ ਦਾ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅੱਜ ਅੰਮ੍ਰਿਤ ਵੇਲੇ ਤੋਂ ਹੀ ਮਾਲਵੇ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਕੀਤਾ। ਸ੍ਰੀ ਦਮਦਮਾ ਸਾਹਿਬ ਬੁੰਗਾ ਮਸਤੂਆਣਾ ਸਾਹਿਬ ਪੰਥ ਬੁੱਢਾ ਦਲ ਦੇ ਹੈਡਕੁਆਰਟਰ ਯਾਦਗਾਰ ਸ਼ਹੀਦ ਬਾਬਾ ਦੀਪ ਸਿੰਘ, ਗੁਰਦੁਆਰਾ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ ਆਦਿ ਇਤਿਹਾਸਿਕ ਅਸਥਾਨਾਂ ਤੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਵਾਈਆਂ ਤੇ ਮੱਥਾ ਟੇਕਿਆ। ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਵੱਲੋਂ ਢਾਡੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਆਈਆਂ ਹੋਈਆਂ ਸਿੱਖ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਵਿਖੇ ਵੀ ਆਈਆਂ ਹੋਈਆਂ ਸਿੱਖ ਸੰਗਤਾਂ ਲਈ ਗੁਰੂ ਕੇ ਲੰਗਰ ਵਰਤਾਏ ਗਏ। ਬੁੱਢਾ ਦਲ ਦੇ ਹੈਡ ਕੁਆਰਟਰ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾਤਸ਼ਾਹੀ ਦਸਵੀਂ ਯਾਦਗਾਰ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਵੀ ਕਥਾ ਗਿਆਨੀ ਇੰਦਰ ਸਿੰਘ ਬੁੱਢਾ ਦਲ ਤੇ ਕਵੀਸ਼ਰੀ ਜਥੇ ਵੱਲੋਂ ਨਿਰੰਤਰ ਪ੍ਰਵਾਹ ਚਲਾਏ ਗਏ। ਆਏ ਹੋਏ ਨਿਹੰਗ ਸਿੰਘਾਂ ਦੇ ਸ਼ਸਤਰਾਂ ਦੇ ਲਾਈਸੈਂਸ ਨਿਊ ਕੀਤੇ ਗਏ ਤੇ ਨਵੇਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਧਾਰਮਿਕ ਸ਼ਸਤਰ ਰੱਖਣ ਦੇ ਲਾਇਸੰਸ ਵੀ ਜਾਰੀ ਕੀਤੇ ਗਏ। ਸੇਵਾਦਾਰ ਬਾਬਾ ਦਲੇਰ ਸਿੰਘ ਨੇ ਦੱਸਿਆ ਕਿ ਬੁੱਢਾ ਦਲ ਹਰ ਮੱਸਿਆ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਅੱਜ ਪੰਜ ਪਿਆਰਿਆਂ ਵੱਲੋਂ ਤਿਆਰ ਕੀਤੇ ਅੰਮ੍ਰਿਤ ਸੰਚਾਰ ਦੌਰਾਨ 55 ਪ੍ਰਾਣੀ ਖੰਡੇ ਬਾਟੇ ਦੀ ਪਹੁਲ ਲੈ ਕੇ ਗੁਰੂ ਵਾਲੇ ਬਣੇ। ਨਿਹੰਗ ਸਿੰਘਾਂ ਵੱਲੋਂ ਆਈਆਂ ਹੋਈਆਂ ਸਿੱਖ ਸੰਗਤਾਂ ਲਈ ਸ਼ਰਦਾਈਆਂ ਦੇ ਲੰਗਰ ਵੀ ਅਤੁੱਟ ਵਰਤਾਏ ਗਏ।

## ਸ੍ਰੋਮਣੀ ਕਮੇਟੀ ਦੀ ਹੋ ਰਹੀ ਅੰਤ੍ਰਿਗ ਕਮੇਟੀ ਦੀ ਮੀਟਿੰਗ 'ਚ ਮਤਾ ਪਾਸ ਕਰਕੇ 28 ਫੀਸਦੀ ਵਾਧਾ ਲਾਇਆ ਜਾਵੇ-ਰਣਜੀਤ ਸਿੰਘ ਭੋਮਾ

### ਭ੍ਰਿਸਟਾਚਾਰ ਤੇ ਘਪਲੇ ਕਰਨ ਵਾਲੇ ਕਰਮਚਾਰੀਆਂ ਦੀ ਸਜਾ ਇਮਾਨਦਾਰ ਕਰਮਚਾਰੀਆਂ ਨੂੰ ਨਾ ਦਿੱਤੀ ਜਾਵੇ



**ਜੰਡਿਆਲਾ ਗੁਰੂ 17 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਪ੍ਰਧਾਨ ਰਣਜੀਤ ਸਿੰਘ ਭੋਮਾ ਸਮਾਜ ਸੁਧਾਰ ਸੰਸਥਾ ਪੰਜਾਬ ਤੇ ਤੇਜਿੰਦਰ ਸਿੰਘ ਅੰਮ੍ਰਿਤਸਰ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਕੋਲੋਂ ਜੋਰਦਾਰ ਮੰਗ ਕਰਦਿਆਂ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਾਂ ਹੇਠ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਤੇ ਸ੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਤੇ ਸਕੂਲਾਂ ਕਾਲਜਾਂ ਤੇ ਹਸਪਤਾਲਾਂ ਵਿੱਚ ਪਿਛਲੇ ਸਮੇਂ ਤੋਂ ਵੱਖ ਵੱਖ 4 ਫੀਸਦੀ ਕੁਝ ਭ੍ਰਿਸਟਾਚਾਰ ਅਧਿਕਾਰੀਆਂ ਦੀ ਸਹਿ ਤੇ ਕਰਮਚਾਰੀਆਂ ਵੱਲੋਂ ਘੁਟਾਲਿਆਂ ਕਰਕੇ ਪ੍ਰਬੰਧਕ ਸ੍ਰੋਮਣੀ ਕਮੇਟੀ ਸੰਸਥਾ ਦੇ ਨਾਮ ਨੂੰ ਧੁੰਦਲਾ ਤੇ ਨੀਵਾਂ ਕੀਤਾ ਹੈ ਤੇ ਸ੍ਰੋਮਣੀ ਕਮੇਟੀ ਵਿੱਚ 96 ਫੀਸਦੀ ਇਮਾਨਦਾਰ ਕਰਮਚਾਰੀਆਂ ਜੋ ਡਿਊਟੀ ਕਰਨ ਵਾਲੇ ਵੱਖ ਵੱਖ ਦਫਤਰਾਂ ਅਤੇ ਅੰਦਰ ਬਾਹਰ ਬੜੀ ਮਿਹਨਤ ਤੇ ਵਫਾਦਾਰੀ ਦੇ ਨਾਲ ਡਿਊਟੀ ਕਰਕੇ ਪ੍ਰਬੰਧ ਨੂੰ ਵਧੀਆ ਸੰਚਾਰੂ ਢੰਗ ਨਾਲ ਚਲਾ ਰਹੇ ਹਨ ਉਨ੍ਹਾਂ ਕਰਮਚਾਰੀਆਂ ਦੇ ਨਾਮ ਨੂੰ ਭ੍ਰਿਸਟਾਚਾਰ ਕਰਮਚਾਰੀਆਂ ਨੇ ਕਰਿਕਰਾ ਕਰਕੇ ਨੀਵਾਂ ਕੀਤਾ ਹੈ ਪਿਛਲੇ ਸਮੇਂ ਤੋਂ ਹਜਾਰਾਂ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਜੋ ਵਾਧਾ ਨਹੀਂ ਲੱਗਾ ! ਸਿਰਫ਼ 3 ਫੀਸਦੀ ਵਾਧਾ ਲੱਗਣਾ ਸੀ ਉਹ ਪਿਛਲੇ ਸਮੇਂ ਨਹੀਂ ਲੱਗਾ ਤੇ ਘੁਟਾਲੇ ਕਰਨ ਵਾਲੇ ਕਰਮਚਾਰੀਆਂ ਦੇ ਵਿਰੁੱਧ ਅੰਦਰ ਅੰਦਰ ਹਜਾਰਾਂ ਇਮਾਨਦਾਰ ਕਰਮਚਾਰੀਆਂ ਦੇ ਮਨਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ ! ਜਦ ਕਿ ਸ੍ਰੋਮਣੀ ਕਮੇਟੀ ਹਰਿਆਣਾ ਦਾ ਬਜਟ ਬਹੁਤ ਘੱਟ ਹੈ ਤੇ ਹਰਿਆਣਾ ਕਮੇਟੀ ਨੇ ਆਪਣੇ ਕਰਮਚਾਰੀਆਂ ਨੂੰ 14 ਫੀਸਦੀ ਵਾਧਾ ਲਗਾਇਆ ਗਿਆ ਹੈ ਜੋ ਬਹੁਤ ਸਲਾਘਾਯੋਗ ਹੈ ! ਸ੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਬਜਟ ਅਰਬਾ ਖਰਬਾਂ ਦਾ ਹੈ ਤੇ ਹਰਿਆਣਾ ਕਮੇਟੀ ਨਾਲੋਂ ਕਈ ਗੁਣਾਂ ਵੱਧ ਹੈ ! ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ 19 ਫਰਵਰੀ ਨੂੰ ਹੋ ਰਹੀ ਅੰਤ੍ਰਿਗ ਕਮੇਟੀ ਚ ਵੱਖ ਵੱਖ ਮੁਦਿਆਂ ਤੇ ਮੀਟਿੰਗ ਹੋ ਰਹੀ ਹੈ ਮੀਟਿੰਗ ਵਿੱਚ ਸ੍ਰੋਮਣੀ ਕਮੇਟੀ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਜੋ ਪਿਛਲੇ ਸਮੇਂ ਤੋਂ ਬਕਾਇਆ ਵਾਧਾ ਲੱਗਣ ਵਾਲਾ ਹੈ ਉਸ ਨੂੰ ਮਤਾ ਪਾਸ ਕਰਕੇ 28 ਫੀਸਦੀ ਤਨਖਾਹਾਂ ਵਿੱਚ ਵਾਧਾ ਲਾਇਆ ਜਾਵੇ ਜਿੰਨਾ ਕਰਮਚਾਰੀਆਂ ਨੇ ਪਿਛਲੇ ਸਮੇਂ ਵਿੱਚ ਗੁਰੂ ਘਰਾਂ ਦੇ ਪ੍ਰਬੰਧ ਵਿੱਚ ਘੁਟਾਲੇ ਕਰਕੇ ਭ੍ਰਿਸਟਾਚਾਰ ਕੀਤਾ ਹੈ ਤੇ ਸ੍ਰੋਮਣੀ ਕਮੇਟੀ ਦੇ ਪ੍ਰਬੰਧਾਂ ਦੀ ਬਦਨਾਮੀ ਕਾਰਵਾਈ ਹੈ ਉਨ੍ਹਾਂ ਵੱਡਿਆਂ ਤੇ ਛੋਟਿਆਂ ਕਰਮਚਾਰੀਆਂ ਵਿਰੁੱਧ ਸਖਤ ਕਾਰਵਾਈ ਕਰਕੇ ਡਿਸਮਿਸ ਕੀਤਾ ਜਾਵੇ ਤੇ ਉਨ੍ਹਾਂ ਦੀਆਂ ਤਰੱਕੀਆਂ ਵਿੱਚੋਂ ਡਿਮੋਟ ਕਰਕੇ ਸਜਾਵਾਂ ਦੇ ਕੇ ਸੇਵਾਦਾਰ ਲਗਾਇਆ ਜਾਵੇ ਤਾਂ ਜੋ ਅੱਗੇ ਤੋ ਕੋਈ ਵੀ ਵੱਡਾ ਅਧਿਕਾਰੀ ਜਾ ਛੋਟਾ ਕਰਮਚਾਰੀ ਚੋਰੀਆਂ ਘੁਟਾਲੇ ਭ੍ਰਿਸਟਾਚਾਰ ਕਰਨ ਦੀ ਜੁਰਅੱਤ ਨਾ ਕਰ ਸਕੇ ਉਨ੍ਹਾਂ 96 ਫੀਸਦੀ ਇਮਾਨਦਾਰ ਕਰਮਚਾਰੀਆਂ ਵਿੱਚੋਂ ਵੱਖ ਵੱਖ ਦਫਤਰਾਂ ਫਲਾਇੰਗ ਵਿਭਾਗ ਤੇ ਸਕੱਤਰ ਤੇ ਮੈਨੇਜਰ ਅਕਾਊਂਟੈਂਟ ਖਜਾਨਚੀ ਤੇ ਹੋਰ ਜਿੰਮੇਵਾਰ ਪੋਸਟਾਂ ਤੇ ਭ੍ਰਿਸਟਾਚਾਰ ਤੋ ਰਹਿਤ ਹੋਣ ਵਾਲਿਆਂ ਨੂੰ ਵੱਡੀਆਂ ਪੋਸਟਾਂ ਜਿੰਮੇਵਾਰ ਤੇ ਲਗਾਇਆ ਜਾਵੇ ! ਤਾਂ ਜੋ ਆਉਣ ਵਾਲੇ ਸਮੇਂ ਵਿੱਚ ਹੋਰ ਭ੍ਰਿਸਟਾਚਾਰ ਜਾਂ ਘੁਟਾਲੇ ਨਾ ਵਾਪਰ ਸਕਣ ! ਭਾਈ ਭੋਮਾ ਨੇ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਕੁਲਵੰਤ ਸਿੰਘ ਮੁੱਖ ਸਕੱਤਰ ਬਹੁਤ ਹੀ ਇਮਾਨਦਾਰ ਤੇ ਵਧੀਆ ਪ੍ਰਬੰਧਕ ਹਨ ਪਰ ਕੁਝ ਭ੍ਰਿਸਟਾਚਾਰ ਅਧਿਕਾਰੀ ਨੇ ਪ੍ਰਬੰਧ ਨੂੰ ਧੱਬਾ ਲਗਵਾ ਦਿੱਤਾ ਹੈ !

## ਸੁਪਰ ਕਿੰਗ ਤਾਸ਼ ਸੀਪ ਕਮੇਟੀ ਵੱਲੋਂ ਚੌਥਾ ਪੰਜਾਬ ਤਾਸ਼ ਸੀਪ ਕੱਪ 29 ਮਾਰਚ ਨੂੰ ਛੱਜਾਵਾਲ ਵਿਖੇ (ਕਮੇਟੀ) ਪੰਜਾਬ ਕੱਪ ਤੇ ਦਿੱਤੇ ਜਾਣਗੇ ਦਿਲ ਖਿੱਚਵੇਂ ਇਨਾਮ ਤੇ ਯਾਦਗਾਰੀ ਸਨਮਾਨ ਚਿੰਨ੍ਹ









**ਜਗਰਾਉਂ -(ਵਰਿਆਮ ਹਠੂਰ)**-ਸੁਪਰ ਕਿੰਗ ਤਾਸ਼ ਸੀਪ ਕਮੇਟੀ ਵੱਲੋਂ ਚੌਥਾ ਪੰਜਾਬ ਤਾਸ਼ ਸੀਪ ਕੱਪ ਮਿਤੀ 29 ਮਾਰਚ ਦਿਨ ਐਤਵਾਰ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਛੱਜਾਵਾਲ ਦੀ ਧਰਤੀ ਤੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਪ੍ਰਧਾਨ ਹੌਲਦਾਰ ਜਗਰਾਜ ਸਿੰਘ ਤਖਾਣਵੱਧ, ਮੀਤ ਪ੍ਰਧਾਨ ਰੂਪਾ ਛੱਜਾਵਾਲ, ਅਤੇ ਹੈੱਡ ਕਲਰਕ ਮਹਿੰਦਰ ਸਿੰਘ ਕੁੱਸਾ ਨੇ ਕਿਹਾ ਕਿ ਹੋਣ ਜਾ ਰਹੇ ਚੌਥੇ ਪੰਜਾਬ ਤਾਸ਼ ਸੀਪ ਕੱਪ ਵਿੱਚ ਸੁਪਰ ਕਿੰਗ ਤਾਸ਼ ਸੀਪ ਕਮੇਟੀ ਦੇ ਗਰੁੱਪ ਦੀਆਂ ਟੀਮਾਂ ਹੀ ਖੇਡਣਗੀਆਂ, ਤੇ ਜਿਸ ਵਿੱਚ ਪਹਿਲਾਂ ਇਨਾਮ 27,000 ਪਲੱਸ ਕੱਪ, ਦੂਜਾ ਇਨਾਮ 20,000 ਪਲੱਸ ਕੱਪ, ਤੀਜਾ ਇਨਾਮ 13,000 ਪਲੱਸ ਕੱਪ, ਚੌਥਾ ਇਨਾਮ 10,000 ਪਲੱਸ ਕੱਪ, ਪੰਜਵਾਂ, ਛੇਵਾਂ, ਸੱਤਵਾਂ, ਅਤੇ ਅੱਠਵਾਂ ਇਨਾਮ ਪੱਚੀ-ਪੱਚੀ ਸੌ ਰੁਪਏ ਹੋਵੇਗਾ, ਆਗੂਆਂ ਨੇ ਅੱਗੇ ਕਿਹਾ ਕਿ ਏ- ਪੂਲ ਦਾ ਸਮਾਂ 10-30 ਵਜੇ, ਬੀ- ਪੂਲ ਦਾ ਸਮਾਂ 11 ਵਜੇ ਹੋਵੇਗਾ, ਤੇ ਗਿਆਰਾਂ ਵਜੇ ਤੋਂ ਬਾਅਦ ਕੋਈ ਵੀ ਟੀਮ ਇੰਟਰ ਨਹੀਂ ਕੀਤੀ ਜਾਵੇਗੀ। ਤੇ ਬੈਨ ਕੀਤੀਆਂ ਟੀਮਾਂ ਨੂੰ ਇੰਟਰ ਨਹੀਂ ਕੀਤਾ ਜਾਵੇਗਾ, ਪ੍ਰਧਾਨ ਜਗਰਾਜ ਸਿੰਘ ਤਖਾਣਵੱਧ, ਮੀਤ ਪ੍ਰਧਾਨ ਰੂਪਾ ਛੱਜਾਵਾਲ, ਅਤੇ ਹੈੱਡ ਕਲਰਕ ਮਹਿੰਦਰ ਸਿੰਘ ਕੁੱਸਾ ਨੇ ਖ਼ਾਸ ਜਾਣਕਾਰੀ ਸਾਂਝੀ ਕਰਦਿਆਂ ਅੱਗੇ ਕਿਹਾ ਕਿ ਚੌਥੇ ਪੰਜਾਬ ਤਾਸ਼ ਸੀਪ ਕੱਪ ਵਿੱਚ ਸਿਰਫ਼ ਸੁਪਰ ਕਿੰਗ ਤਾਸ਼ ਸੀਪ ਕਮੇਟੀ ਦੇ ਗਰੁੱਪ ਦੀਆਂ ਟੀਮਾਂ ਹੀ ਖੇਡਣਗੀਆਂ, ਤੇ ਗਰੁੱਪ ਤੋਂ ਬਾਹਰਲੀਆਂ ਟੀਮਾਂ ਨੂੰ ਇੰਟਰ ਨਹੀਂ ਕੀਤਾ ਜਾਵੇਗਾ, ਤੇ ਰੋਟੀ ਪਾਣੀ ਦਾ ਖ਼ਾਸ ਅਰੇਜਮੈਂਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੇ ਤਾਸ਼ ਸੀਪ ਦੇ ਛੋਟੇ ਟੂਰਨਾਮੈਂਟ ਹਰ ਹਫ਼ਤੇ ਚੱਲਦੇ ਰਹਿੰਦੇ ਹਨ। ਪਰ ਪੰਜਾਬ ਤਾਸ਼ ਸੀਪ ਕੱਪ ਸਲਾਨਾ ਹੁੰਦਾ ਹੈ। ਤੇ ਸੁਪਰ ਕਿੰਗ ਤਾਸ਼ ਸੀਪ ਕਮੇਟੀ ਚੌਥੇ ਪੰਜਾਬ ਤਾਸ਼ ਸੀਪ ਕੱਪ ਤੇ ਸਾਰੀਆਂ ਗਰੁੱਪ ਦੀਆਂ ਟੀਮਾਂ ਨੂੰ ਜੀ ਆਇਆਂ ਆਖੇਗੀ, ਤੇ ਰੀਬਨ ਕੱਟਣ ਉਪਰੰਤ ਤਾਸ਼ ਸੀਪ ਖੇਡ ਦੀ ਸ਼ੁਰੂਆਤ ਹੋਵੇਗੀ।

ਕਾਰ ਸੇਵਾ ਪਟਿਆਲਾ ਵਾਲੇ ਪੰਜ ਮਹਾਂਪੁਰਸ਼ਾ ਦੀ ਯਾਦ ਵਿੱਚ

# ਸਲਾਨਾ ਬਰਸੀ ਸਮਾਗਮ ਕਰਵਾਏ ਗਏ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ















ਕਾਰ ਸੇਵਾ ਪਟਿਆਲਾ ਵਾਲੇ ਪੰਜ ਮਹਾਂਪੁਰਸ਼ਾ ਦੀ ਯਾਦ ਵਿੱਚ ਸਲਾਨਾ ਬਰਸੀ ਸਮਾਗਮ ਗੁਰਦੁਆਰਾ ਹੀਰਾ ਬਾਗ ਪਟਿਆਲਾ ਵਿਖੇ ਸੰਤ ਅਮਰੀਕ ਸਿੰਘ ਜੀ ਕਾਰ ਸੇਵਾ ਪਟਿਆਲੇ ਵਾਲਿਆਂ ਦੀ ਅਗਵਾਈ ਵਿੱਚ ਕਰਵਾਏ ਗਏ ਅੱਜ 17 ਫ਼ਰਵਰੀ 2026 ਨੂੰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਨਾਲ ਗੁਰਮਤਿ ਵੀਚਾਰ ਸਾਂਝੇ ਕੀਤੇ ਇਸ ਸਮੇਂ ਹੋਰਨਾਂ ਤੌਂ ਇਲਾਵਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜਥੇਦਾਰ ਬਲਦੇਵ ਸਿੰਘ ਹਾਬੜੀ,ਸਰਦਾਰ ਭੁਪਿੰਦਰ ਸਿੰਘ ਲਾਡੀ ਸੌਂਕੜਾ ਪ੍ਰਧਾਨ ਸਰਪੰਚ ਯੂਨੀਅਨ ਬਲਾਕ ਨੀਲੋਂ ਖੇੜੀ ਮੈਂਬਰ ਪ੍ਰਤੀਨਿਧ ( ਬੀਬੀ ਕਪੂਰ ਕੌਰ ਸੌਂਕੜਾ ),ਸਰਦਾਰ ਮੇਜਰ ਸਿੰਘ ਗੂਹਲਾ ਮੈਂਬਰ ,ਸਰਦਾਰ ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ,ਡਾ.ਰਾਜਦੀਪ ਸਿੰਘ ਪਟਿਆਲਾ,ਸਰਦਾਰ ਹਰਪ੍ਰੀਤ ਸਿੰਘ ਦਰਦੀ ਚੜਦੀਕਲਾ ਟਾਈਮ ਟੀਵੀ ,ਕਥਾਵਾਚਕ ਗਿ.ਸੁਖਦੇਵ ਸਿੰਘ ਡੱਲਾ ,ਢਾਡੀ ਲਖਵਿੰਦਰ ਸਿੰਘ ਸੋਹਲ ਸਮੇਤ ਅਨੇਕਾਂ ਸੰਤ ਮਹਾਂਪੁਰਸ਼ ਪ੍ਰਚਾਰਕ ਵੀ ਹਾਜ਼ਰ ਸਨ ਸੰਤ ਮਹਾਂਪੁਰਸ਼ਾਂ ਵਲੋਂ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।







ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਗੁਰਦੁਆਰਾ ਲਵੇਰੀਸਰ
ਸਾਹਿਬ ਢਾਣੀ ਕਾਹਨ ਸਿੰਘ
ਪਿੰਡ ਮੱਲੇਵਾਲਾ ਸਿਰਸਾ
ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਸਮਾਗਮ
ਮਿਤੀ 19 ਫਰਵਰੀ 2026 ਦਿਨ ਵੀਰਵਾਰ
ਸਮਾਂ ਸਵੇਰੇ 9 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 9 ਵਜੇ ਸਵੇਰੇ ਉਪਰੰਤ ਸੰਤ ਮਹਾਂਪੁਰਸ਼ ਨੀਂਹ ਪੱਥਰ ਰੱਖਣਗੇ
ਇਸ ਮੌਕੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਨਾਮ ਬਾਣੀ ਦਾ ਲਾਹਾ ਪ੍ਰਾਪਤ ਕਰੋ ਜੀ
ਬੇਨਤੀ ਕਰਤਾ ਸਮੂਹ ਸਾਧਸੰਗਤ ਨਗਰ ਨਿਵਾਸੀ ਢਾਣੀ ਕਾਹਨ ਸਿੰਘ


ਬਾਬਾ ਜੀਵਨ ਸਿੰਘ ਯੁਵਾ ਕਲੱਬ
ਪਿੰਡ ਕਾਲਾਂਵਾਲੀ (ਸਿਰਸਾ)
ਵੱਲੋਂ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਗੁਰਦੁਆਰਾ ਗੁਰੂ ਗੰ੍ਰਥਸਰ ਦਾਦੂ ਸਾਹਿਬ ਵਾਲੇ
ਮਹੰਤ ਦੇਵਾਦਾਸ ਜੀ (ਡੇਰਾ ਬਾਬਾ ਮੰਡਾਲਾ)
ਸ਼ਾਨਦਾਰ ਕਬੱਡੀ ਟੂਰਨਾਂਮੈਂਟ
20 ਫਰਵਰੀ 2026, ਦਿਨ ਸ਼ੁੱਕਰਵਾਰ
ਸਥਾਨ : ਸਾਹਮਣੇ ਨਵੀਂ ਦਾਣਾ ਮੰਡੀ, ਡੱਬਵਾਲੀ ਰੋਡ, ਪਿੰਡ ਕਾਲਾਂਵਾਲੀ
ਬਲਰਾਜ ਬਾਜੀ
ਪਰਵਿੰਦਰ ਸਿੰਘ (ਲੱਡੂ)
ਜਗਦੀਪ ਸਿੰਘ (ਦੀਪ)
ਰਾਜਵੀਰ ਸਿੰਘ
ਕਬੱਡੀ 75 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਵਾਸ਼ਿੰਗ ਮਸ਼ੀਨਾਂ ਦਿੱਤੀਆਂ ਜਾਣਗੀਆਂ
ਕਬੱਡੀ 55 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 5-5 ਫੁੱਟੇ ਕੱਪ ਦਿੱਤੇ ਜਾਣਗੇ।
ਇਨਾਮਾਂ ਦਾ ਵੇਰਵਾ | ਪਹਿਲਾ ਇਨਾਮ | ਦੂਜਾ ਇਨਾਮ | ਐਂਟਰੀ ਫੀਸ | ਮਿਤੀ
ਕਬੱਡੀ 75 ਕਿਲੋ (2 ਖਿਡਾਰੀ ਬਾਹਰੋ) | 31000/- | 21000/- | 500/- | 20-02-2026
ਕਬੱਡੀ 55 ਕਿਲੋ (2 ਖਿਡਾਰੀ ਬਾਹਰੋ) | 15000/- | 11000/- | 300/- | 20-02-2026
ਚਿਰਾਂਸ਼ੂ ਰਤਨ ਐਡਵੋਕੇਟ Supreme Court of India
ਅਜੈਬ ਸਰਪੰਚ
ਪ੍ਰਦੀਪ ਜੈਨ
ਵਿਨੋਦ ਮਿੱਤਲ
ਟੀਸ਼ੂ ਪ੍ਰਧਾਨ
ਮਹੇਸ਼ ਕੁਮਾਰ ਝੋਰੜ
ਸੁਭਾਸ਼ ਗੋਇਲ ਘੋਗਾ
ਕਰਨੈਲ ਸਿੰਘ ਔਢਾਂ
ਭੂਪ ਸਿੰਘ (S.I.)
ਨਿਰਮਲ ਸਿੰਘ ਮੱਲੜੀ
ਦਰਸ਼ਨ ਸਿੰਘ ਖਾਲਸਾ
ਕੁਲਦੀਪ ਵਰਮਾ
ਰਾਮ ਸਿੰਘ
ਪੱਪੂ ਕੋਚ
ਹਰਨੀ ਕੋਚ
ਰਾਕੇਸ਼ ਅਰੋੜਾ
ਅਮਨ ਜੈਨ, M.C.
ਪੱਪੀ ਸਿੰਘ
ਦੀਪੂ ਗਰਗ
ਜੱਸੀ ਕਿੰਗਰਾ
ਸੇਵਕ ਸਿੰਘ
ਬਚਿੱਤਰ ਸਿੰਘ
ਸੰਪਰਕ ਨੰ: 83073-50637, 77718-54978, 87085-78908

### ਸੰਤ ਬਾਬਾ ਹਾਕਮ ਸਿੰਘ ਜੀ ਦੀ ਪਹਿਲੀ ਬਰਸੀ

# ਗੁਰਦੁਆਰਾ ਪੀਰ ਬਾਲਾ ਸਾਹਿਬ ਵਿਖੇ ਧੂਮਧਾਮ ਨਾਲ ਮਨਾਈ ਗਈ





ਹੁਸ਼ਿਆਰਪੁਰ, 17 ਫਰਵਰੀ 2026 (ਸਾਡੇ ਪੱਤਰ ਪ੍ਰੇਰਕ ਤੋਂ) - ਅੱਜ ਮੰਗਲਵਾਰ ਨੂੰ ਪਿੰਡ ਫਤਿਹਪੁਰ ਕੋਠੀ, ਤਹਿਸੀਲ ਮਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਗੁਰਦੁਆਰਾ ਗੁਰੂ ਨਾਨਕ ਦੇਵ ਸਾਹਿਬ ਜੀ (ਪੀਰ ਬਾਲਾ ਸਾਹਿਬ) ਵਿਖੇ ਸੰਤ ਬਾਬਾ ਹਾਕਮ ਸਿੰਘ ਜੀ ਮਹਾਰਾਜ ਦੀ ਪਹਿਲੀ ਬਰਸੀ (ਵਰ੍ਹੇਗੰਢ) ਵੱਡੇ ਸਤਿਕਾਰ ਅਤੇ ਧੂਮਧਾਮ ਨਾਲ ਮਨਾਈ ਗਈ। ਇਹ ਸਮਾਗਮ ਬਾਬਾ ਜੀ ਦੀ ਯਾਦ ਵਿੱਚ ਸੰਗਤਾਂ ਵੱਲੋਂ ਕਰਵਾਇਆ ਗਿਆ, ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਗੁਰਮਤਿ ਪ੍ਰਚਾਰ ਅਤੇ ਸੇਵਾ ਨਾਲ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਸੰਤ ਬਾਬਾ ਹਾਕਮ ਸਿੰਘ ਜੀ ਪੀਰ ਬਾਲਾ ਸਾਹਿਬ ਵਾਲੇ ਇੱਕ ਮਹਾਨ ਆਧਿਆਤਮਿਕ ਸ਼ਖਸੀਅਤ ਸਨ, ਜਿਨ੍ਹਾਂ ਨੇ ਗੁਰਦੁਆਰਾ ਪੀਰ ਬਾਲਾ ਸਾਹਿਬ ਦੀ ਸੇਵਾ-ਸੰਭਾਲ ਵਿੱਚ ਆਪਣਾ ਜੀਵਨ ਸਮਰਪਿਤ ਕੀਤਾ। ਉਹ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਵੱਡੇ ਸੰਤ ਵਜੋਂ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਦੀ ਸਾਦਗੀ, ਨਿਸ਼ਕਾਮ ਸੇਵਾ ਤੇ ਗੁਰਬਾਣੀ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਸੰਗਤਾਂ ਵਿੱਚ ਅਨੇਕਾਂ ਨਾਮ ਕਮਾਏ। ਬਾਬਾ ਜੀ ਦੇ ਅੰਤਿਮ ਸੰਸਕਾਰ ਤੋਂ ਬਾਅਦ ਇਹ ਪਹਿਲੀ ਵਾਰ ਸੀ ਜਦੋਂ ਉਨ੍ਹਾਂ ਦੀ ਯਾਦ ਵਿੱਚ ਵੱਡਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਨੇੜਲੇ ਇਲਾਕਿਆਂ ਤੋਂ ਇਲਾਵਾ ਦੂਰ-ਦੂਰ ਤੋਂ ਸੰਗਤਾਂ ਨੇ ਹਾਜ਼ਰੀ ਭਰੀ।

ਸਮਾਗਮ ਦੀ ਸ਼ੁਰੂਆਤ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੋਈ, ਜਿਸ ਤੋਂ ਬਾਅਦ ਵੱਖ-ਵੱਖ ਰਾਗੀ ਜਥਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਇਸ ਮੌਕੇ ਗੁਰਮਤਿ ਵਿਚਾਰਾਂ ਤੇ ਕਥਾ ਵੀ ਕੀਤੀ ਗਈ, ਜਿਸ ਵਿੱਚ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਸੰਗਤ ਨੂੰ ਗੁਰੂ ਸਾਹਿਬ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ। ਅਰਦਾਸ ਤੇ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿੱਚ ਹਜ਼ਾਰਾਂ ਸੰਗਤਾਂ ਨੇ ਪ੍ਰਸ਼ਾਦਾ ਛੱਕਿਆ। ਸਮਾਗਮ ਵਿੱਚ ਧਾਰਮਿਕ ਤੇ ਸਮਾਜੀ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ।

ਖਾਸ ਤੌਰ 'ਤੇ ਇਸ ਸਮਾਗਮ ਵਿੱਚ ਦਮਦਮੀ ਟਕਸਾਲ ਨਾਲ ਜੁੜੇ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਹਾਜ਼ਰੀ ਭਰੀ ਅਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਬਾਬਾ ਹਾਕਮ ਸਿੰਘ ਜੀ ਦੀ ਯਾਦ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਬਾਬਾ ਜੀ ਵਰਗੇ ਮਹਾਨ ਸੰਤਾਂ ਦੀ ਵਿਰਾਸਤ ਨੂੰ ਅੱਗੇ ਵਧਾਉਣਾ ਸਾਡਾ ਸਭਨਾਂ ਦਾ ਫਰਜ਼ ਹੈ। ਉਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਵਿਸ਼ੇਸ਼ ਬਣਾ ਦਿੱਤਾ। ਇਸ ਤੋਂ ਇਲਾਵਾ ਹੋਰ ਵੀ ਕਈ ਸੰਤ ਮਹਾਂਪੁਰਖਾਂ ਤੇ ਰਾਗੀ ਜਥਿਆਂ ਨੇ ਆਪਣੀ ਸੇਵਾ ਨਿਭਾਈ। ਸਮਾਗਮ ਵਿੱਚ ਆਈ ਸੰਗਤ ਨੇ ਬਾਬਾ ਜੀ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਕੇ ਅਰਦਾਸ ਕੀਤੀ ਕਿ ਵਾਹਿਗੁਰੂ ਉਨ੍ਹਾਂ ਨੂੰ ਸੱਚਖੰਡ ਵਿੱਚ ਨਿਵਾਸ ਬਖਸ਼ੇ ਅਤੇ ਸੰਗਤ ਨੂੰ ਚੜ੍ਹਦੀ ਕਲਾ ਵਿੱਚ ਰੱਖੇ। ਇਹ ਬਰਸੀ ਨਾ ਸਿਰਫ਼ ਬਾਬਾ ਜੀ ਦੀ ਯਾਦ ਵਿੱਚ ਇੱਕ ਸਮਰਪਣ ਸੀ ਬਲਕਿ ਗੁਰਮਤਿ ਮਾਰਗ ਨੂੰ ਅੱਗੇ ਵਧਾਉਣ ਵਾਲਾ ਇੱਕ ਵੱਡਾ ਮੌਕਾ ਵੀ ਬਣਿਆ।

### ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਸੁਰੱਖਿਆ ਵਿਭਾਗ ਵੱਲੋਂ

# ਜ਼ਿਲ੍ਹਾ ਪੱਧਰੀ ਪ੍ਰੋਗਰਾਮ ਸਾਡੇ ਬਜ਼ੁਰਗ ਸਾਡਾ ਮਾਨ ਕੀਤਾ ਆਯੋਜਿਤ




**ਪਠਾਨਕੋਟ, 17 ਫਰਵਰੀ, (ਆਵਾਜ਼ਿ ਕੌਮ ਬਿਊਰੋ)**-ਅੱਜ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਸੁਰੱਖਿਆ ਵਿਭਾਗ ਪਠਾਨਕੋਟ ਵੱਲੋਂ ਜ਼ਿਲਾ ਪੱਧਰੀ ਸਮਾਰੋਹ ਸਾਡੇ ਬਜ਼ੁਰਗ ਸਾਡਾ ਮਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਕਪੁਰ ਦੀ ਗਰਾਊਂਡ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਅਤੇ ਸ਼੍ਰੀ ਸੌਰਭ ਬਹਿਲ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਰੋਹ ਦੀ ਪ੍ਰਧਾਨਗੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ੍ਰੀ ਆਸ਼ੀਸ਼ ਇੰਦਰ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਸਾਹਿਬ ਸਿੰਘ ਸਾਭਾ ਮੈਂਬਰ ਜ਼ਿਲ੍ਹਾ ਪਰਿਸ਼ਦ, ਡੀਜੀ ਸਿੰਘ ਡਿਪਟੀ ਡੀਈਓ ਐਲੀਮੈਂਟਰੀ, ਦਰਸ਼ਨ ਪ੍ਰਧਾਨ ਹੈਂਡੀਕੈਪ ਯੂਨੀਅਨ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਡਾਕਟਰ ਓਪੀ ਬਿੱਗ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲਾ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਕਾਰਜ ਕਰਤਾ ਹਾਜ਼ਰ ਸਨ।

ਸਮਾਰੋਹ ਦੌਰਾਨ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਸੁਰੱਖਿਆ ਵਿਭਾਗ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਮੁੱਖ ਮਹਿਮਾਨ ਜੀ ਦਾ ਸਵਾਗਤ ਕੀਤਾ ਗਿਆ। ਸਕੂਲੀ ਬੱਚਿਆਂ ਵੱਲੋਂ ਰੰਗਾ ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਵਿਭਾਗ ਵੱਲੋਂ ਬਜ਼ੁਰਗਾਂ ਵੱਲੋਂ ਖੇਡੀਆਂ ਜਾਣ ਵਾਲੀਆਂ ਵੱਖ-ਵੱਖ ਗੇਮਾਂ ਵੀ ਆਯੋਜਿਤ ਕੀਤੀਆਂ ਗਈਆਂ।

ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਸਾਡੇ ਬਜ਼ੁਰਗ ਸਾਡਾ ਮਾਨ ਪ੍ਰੋਗਰਾਮ ਦੀ ਕੜੀ ਵਜੋਂ ਅੱਜ ਜ਼ਿਲ੍ਹਾ ਪਠਾਨਕੋਟ ਦਾ ਇੱਕ ਬਹੁਤ ਹੀ ਭਾਵਪੂਰਵਕ ਪ੍ਰੋਗਰਾਮ ਜਿਹੜਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਇਆ ਜਾ ਰਿਹਾ ਹੈ। ਪਠਾਨਕੋਟ ਵਿਖੇ ਆਯੋਜਿਤ ਕੀਤਾ ਗਿਆ ਹੈ। ਸਮਾਰੋਹ ਦੌਰਾਨ ਸਾਡੇ ਬਜ਼ੁਰਗਾਂ ਨਾਲ ਸਾਡੀਆਂ ਗੱਲਾਂ ਬਾਤਾਂ ਤੇ ਉਹਨਾਂ ਨਾਲ ਕੀਤੇ ਜਾਣ ਵਾਲੇ ਵਿਵਹਾਰ ਤੇ ਵੀ ਚਰਚਾ ਹੋਈ ਹੈ ਸਾਨੂੰ ਸਾਡੇ ਬਜ਼ੁਰਗਾਂ ਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ। ਅਗਰ ਅਸੀਂ ਆਪਣੇ ਬਜ਼ੁਰਗਾਂ ਨੂੰ ਮਾਣ ਸਨਮਾਨ ਦਿੰਦੇ ਹਾਂ ਤੇ ਇਹ ਇੱਕ ਆਉਣ ਵਾਲੀ ਪੀੜੀ ਦੇ ਲਈ ਪ੍ਰੇਰਨਾਦਾਇਕ ਗੱਲ ਹੋਵੇਗੀ। ਪ੍ਰੋਗਰਾਮ ਦੌਰਾਨ ਸਾਡੇ ਬਜ਼ੁਰਗਾਂ ਨੂੰ ਜੋ ਸਮੱਸਿਆਵਾਂ ਆਉਂਦੀਆਂ ਹਨ ਉਹਨਾਂ ਨੂੰ ਹੱਲ ਕਰਨ ਦੇ ਲਈ ਵੱਖ-ਵੱਖ ਵਿਭਾਗਾਂ ਵੱਲੋਂ ਇੱਥੇ ਸਟਾਲ ਵੀ ਲਗਾਏ ਗਏ ਹਨ ਤਾਂ ਜੋ ਉਹਨਾਂ ਨੂੰ ਉਹਨਾਂ ਦੇ ਸਵਾਲਾਂ ਦਾ ਜੁਬਾਨ ਮਿਲ ਸਕੇ। ਉਹਨਾਂ ਅਜਿਹੇ ਪ੍ਰੋਗਰਾਮ ਅਯੋਜਿਤ ਕਰਨ ਲਈ ਵਿਭਾਗ ਦੀ ਵੀ ਪ੍ਰਸ਼ੰਸਾ ਕੀਤੀ।

ਸਮਾਰੋਹ ਦੇ ਅੰਤ ਵਿੱਚ ਵਿਭਾਗ ਵੱਲੋਂ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਹੋਰ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

# ਜੰਡਿਆਲਾ ਗੁਰੂ 'ਚ ਗੁੰਨੋਵਾਲ ਸੂਏ ਨੇੜੇ ਨੌਜਵਾਨ ਦੀ ਲਾਸ਼ ਮਿਲਣ ਨਾਲ ਇਲਾਕੇ 'ਚ ਸਨਸਨੀ

## ਪਰਿਵਾਰ ਨੇ ਜਤਾਇਆ ਕਤਲ ਦਾ ਸ਼ੱਕ, ਗਲੇ 'ਤੇ ਕੱਟ ਦੇ ਨਿਸ਼ਾਨ



**ਜੰਡਿਆਲਾ ਗੁਰੂ 17 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਜੰਡਿਆਲਾ ਗੁਰੂ ਵਿਖੇ ਜੋਤੀਸਰ ਕਲੋਨੀ ਦੇ ਨੇੜੇ ਗੁੰਨੋਵਾਲ ਜੰਡਿਆਲਾ ਗੁਰੂ ਦੇ ਰਸਤੇ ਵਿੱਚ ਪੈਂਦੇ ਸੂਏ ਕੋਲ ਝਾੜੀਆਂ ਵਿੱਚ ਇੱਕ ਨੌਜਵਾਨ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਦਹਿਸ਼ਤ ਅਤੇ ਸਨਸਨੀ ਫੈਲ ਗਈ। ਸਵੇਰੇ ਜਦੋਂ ਖੇਤਾਂ ਵੱਲ ਗਏ ਲੋਕਾਂ ਦੀ ਨਜ਼ਰ ਲਾਸ਼ 'ਤੇ ਪਈ ਤਾਂ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ ਗਈ। ਜਾਣਕਾਰੀ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ।ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦਾ ਪੁੱਤਰ ਕੱਲ੍ਹ ਦੁਪਹਿਰ ਲਗਭਗ 12 ਵਜੇ ਤੋਂ ਲਾਪਤਾ ਸੀ। ਰਾਤ ਭਰ ਖੋਜ ਕਰਨ ਦੇ ਬਾਵਜੂਦ ਕੋਈ ਪਤਾ ਨਹੀਂ ਲੱਗਿਆ ਅਤੇ ਅੱਜ ਉਸ ਦੀ ਲਾਸ਼ ਸਵੇਰੇ ਖੇਤਾਂ ਵਿੱਚੋਂ ਮਿਲੀ। ਪਰਿਵਾਰ ਦਾ ਕਹਿਣਾ ਹੈ ਕਿ ਨੌਜਵਾਨ ਦੇ ਗਲੇ 'ਤੇ ਤੇਜ਼ਧਾਰ ਹਥਿਆਰ ਨਾਲ ਕੱਟਣ ਦੇ ਨਿਸ਼ਾਨ ਸਨ, ਜਿਸ ਨਾਲ ਸਾਫ਼ ਹੁੰਦਾ ਹੈ ਕਿ ਉਸ ਦਾ ਕਤਲ ਕਰਕੇ ਲਾਸ਼ ਇੱਥੇ ਸੁੱਟੀ ਗਈ ਹੈ। ਪਰਿਵਾਰ ਨੇ ਇਨਸਾਫ਼ ਦੀ ਮੰਗ ਕਰਦੇ ਹੋਏ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।ਪਰਿਵਾਰ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਇੱਕ ਦਿਹਾੜੀਦਾਰ ਸੀ ਅਤੇ ਰੰਗਰੋਗਨ (ਪੇਂਟ) ਦਾ ਕੰਮ ਕਰਦਾ ਸੀ। ਉਸ ਦਾ ਨਾ ਤਾਂ ਕਿਸੇ ਨਾਲ ਕੋਈ ਪੁਰਾਣਾ ਝਗੜਾ ਸੀ ਅਤੇ ਨਾ ਹੀ ਉਹ ਕਿਸੇ ਕਿਸਮ ਦਾ ਨਸ਼ਾ ਕਰਦਾ ਸੀ। ਉਹ ਹਰ ਕਿਸੇ ਨਾਲ ਖੁਸ਼ਿਮਜਾਜ਼ੀ ਨਾਲ ਮਿਲਦਾ ਸੀ, ਜਿਸ ਕਰਕੇ ਪਰਿਵਾਰ ਨੂੰ ਇਹ ਘਟਨਾ ਬਹੁਤ ਹੀ ਸ਼ੱਕੀ ਲੱਗ ਰਹੀ ਹੈ।ਇਸ ਸਬੰਧੀ ਪੁਲਿਸ ਵੱਲੋਂ ਦੱਸਿਆ ਗਿਆ ਕਿ ਮ੍ਰਿਤਕ ਦੀ ਪਛਾਣ ਰੋਹਿਤ (24) ਪੁੱਤਰ ਜਾਰਜ ਵਾਸੀ ਜੋਤੀਸਰ ਕਲੋਨੀ, ਜੰਡਿਆਲਾ ਗੁਰੂ ਵਜੋਂ ਹੋਈ ਹੈ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਤਾਂ ਜੋ ਮੌਤ ਦੇ ਅਸਲੀ ਕਾਰਨਾਂ ਦਾ ਪਤਾ ਲੱਗ ਸਕੇ ਮੌਕੇ 'ਤੇ ਮੌਜੂਦ ਐਸ ਐਚ ਓ ਨਰੇਸ਼ ਕੁਮਾਰ ਨੇ ਕਿਹਾ ਕਿ ਇਹ ਮਾਮਲਾ ਗੰਭੀਰ ਹੈ ਅਤੇ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਪੋਸਟਮਾਰਟਮ ਰਿਪੋਰਟ ਅਤੇ ਹੋਰ ਸਬੂਤਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਦੁਖੀ ਪਰਿਵਾਰ ਨੂੰ ਪੂਰਾ ਇਨਸਾਫ਼ ਦਿੱਤਾ ਜਾਵੇਗਾ ।

# ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂ ਚੱਕ ਨੇ ਸਖੀ ਸ਼ਕਤੀ ਮੇਲਾ-2026 ਦੀ ਕਰਵਾਈ ਸ਼ੁਰੂਆਤ

**☛ ਉੱਦਮੀ ਮਹਿਲਾਵਾਂ ਨੂੰ ਵੱਖਰੀ ਪਹਿਚਾਣ ਦਿਲਾਉਣਾ ਪੰਜਾਬ ਸਰਕਾਰ ਦਾ ਉਦੇਸ਼ : ਸ਼੍ਰੀ ਲਾਲ ਚੰਦ ਕਟਾਰੂ ਚੱਕ ☛ ਮੇਲੇ ਦੌਰਾਨ ਪ੍ਰਸਿੱਧ ਪੰਜਾਬੀ ਗਾਇਕ ਸੁਭਾਸ਼ ਸੂਫੀ ਨੇ ਕੀਤਾ ਰੰਗਾ ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼**

**ਪਠਾਨਕੋਟ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਉੱਦਮੀ ਮਹਿਲਾਵਾਂ ਦੇ ਉਥਾਨ ਅਤੇ ਉਪਜੀਵਿਕਾ ਦੇ ਸਾਧਨ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਟਰੱਕ ਯੂਨੀਅਨ ਨਜ਼ਦੀਕ ਆਡੀਟੋਰੀਅਮ ਵਿਖੇ ਚਾਰ ਦਿਵਸੀਏ ਸਖੀ ਸ਼ਕਤੀ ਮੇਲਾ 2026 ਦਾ ਆਰੰਭ ਕੀਤਾ ਗਿਆ। ਸਖੀ ਸ਼ਕਤੀ ਮੇਲਾ ਦੇ ਸਮਾਰੋਹ ਵਿੱਚ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਅਤੇ ਸ੍ਰੀ ਸੌਰਭ ਬਹਿਲ ਚੇਅਰਮੈਨ ਨਗਰ ਸੁਧਾਰ ਟਰੱਸਟ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਜ਼ਿਕਰ ਯੋਗ ਹੈ ਕਿ ਸ੍ਰੀ ਪਰਮ ਪਾਲ ਸਿੰਘ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵੱਲੋਂ ਮੁੱਖ ਮਹਿਮਾਨ ਜੀ ਅਤੇ ਵਿਸ਼ੇਸ਼ ਮਹਿਮਾਨ ਨੂੰ ਫੁੱਲਾਂ ਦੇ ਗੁਲਦਸਤੇ ਪੇਂਟ ਕਰਕੇ ਸਵਾਗਤ ਕੀਤਾ। ਸਖੀ ਮੇਲੇ ਦਾ ਸੁਭਾਆਰੰਭ ਮੁੱਖ ਮਹਿਮਾਨ ਜੀ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮਗਰੋਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂ ਚੱਕ ਵੱਲੋਂ ਮੇਲੇ ਦੌਰਾਨ ਸੈਲਫ ਹੈਲਪ ਗਰੁੱਪਾਂ ਵੱਲੋਂ ਲਗਾਏ ਗਏ ਵੱਖ ਵੱਖ ਸਟਾਲਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕੀ ਜਿਲਾ ਪਠਾਨਕੋਟ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਉਪਰਾਲਾ ਪ੍ਰਸੰਸਾ ਯੋਗ ਹੈ ਕੀ ਜਿਹਨਾਂ ਮਹਿਲਾਵਾਂ ਦੇ ਉਥਾਨ ਦੇ ਲਈ ਅਜਿਹਾ ਪ੍ਰੋਗਰਾਮ ਉਲੀਕਿਆ ਹੈ। ਉਹਨਾਂ ਕਿਹਾ ਕਿ ਸਖੀ ਸ਼ਕਤੀ ਮੇਲਾ ਜਿਹੜਾ ਨਾਮ ਦਿੱਤਾ ਗਿਆ ਸਖੀ ਸਖਤੀ ਮੇਲਾ ਇਹ ਬਹੁਤ ਢੁਕਵਾ ਹੈ ਪੇਂਡੂ ਖੇਤਰ ਦੇ ਅੰਦਰ ਸੈਲਫ ਹੈਲਪ ਗਰੁੱਪ ਬਣਾਏ ਗਏ ਹਨ ਉਨਾਂ ਵੱਲੋਂ ਤਿਆਰ ਕੀਤੇ ਪ੍ਰੋਡਕਟ ਦੁਨੀਆਂ ਦੇ ਸਾਹਮਣੇ ਲੈ ਕੇ ਆਉਣਾ ਇੱਕ ਬਹੁਤ ਹੀ ਪ੍ਰਸ਼ੰਸਾਯੋਗ ਕੰਮ ਹੈ। ਇਸ ਕੰਮ ਦੇ ਨਾਲ ਜਿੱਥੇ ਉਹਨਾਂ ਨੂੰ ਇੱਕ ਪਹਿਚਾਣ ਮਿਲੇਗੀ ਉੱਥੇ ਉਹਨਾਂ ਦਾ ਰੁਤਬਾ ਵੀ ਵਧੇਗਾ ਅਤੇ ਉਹ ਆਰਥਿਕ ਪੱਖ ਤੋਂ ਵੀ ਮਜਬੂਤ ਹੋਣਗੀਆਂ। ਉਹਨਾਂ ਕਿਹਾ ਕਿ ਮਹਿਲਾਵਾਂ ਦੇ ਉਥਾਨ ਦੇ ਲਈ ਅਤੇ ਉਹਨਾਂ ਦਾ ਰੁਤਬੇ ਨੂੰ ਪਹਿਚਾਨ ਦੇ ਲਈ ਪੂਰੇ ਸੂਬੇ ਅੰਦਰ ਇਸ ਸਮੇਂ 2150 ਸੈਲਫ ਹੈਲਪ ਗਰੁੱਪ ਚੱਲ ਰਹੇ ਹਨ। ਉਹਨਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਅੰਦਰ ਵੀ ਸੈਲਫ ਗਰੁੱਪ ਨੇ ਵੱਖ ਵੱਖ ਖੇਤਰਾਂ ਅੰਦਰ ਬਹੁਤ ਸਾਰੇ ਇਸ ਤਰ੍ਹਾਂ ਦੇ ਗਰੁੱਪ ਚਲਾਏ ਜਾ ਰਹੇ ਹਨ ਚਾਹੇ ਉਹ ਬਾਰਡਰ ਦਾ ਏਰੀਆ ਹੈ ਚਾਹੇ ਉਹ ਧਾਰ ਦਾ ਏਰੀਆ ਹੈ ਚਾਹੇ ਉਹ ਪਠਾਨਕੋਟ ਦਾ ਏਰੀਆ ਹੈ ਮਹਿਲਾਵਾਂ ਨੂੰ ਇਹਨਾਂ ਸੈਲਫ ਹੈਲਪ ਗਰੁੱਪਾਂ ਨੇ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਮਹਿਲਾਵਾਂ ਵੱਲੋਂ ਬਣਾਏ ਜਾਣ ਵਾਲੇ ਪ੍ਰੋਡਕਟ ਨੂੰ ਦੁਨੀਆਂ ਦੇ ਸਾਹਮਣੇ ਲੈ ਕੇ ਆਉਣਾ ਇਹ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ। ਉਹਨਾਂ ਕਿਹਾ ਕਿ ਮੈਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਹਨਾਂ ਅਜਿਹੇ ਪ੍ਰੋਗਰਾਮ ਉਲੀਕ ਕੇ ਇਹਦਾ ਮਹਿਲਾਵਾਂ ਦੇ ਹੌਸਲੇ ਨੂੰ ਹੋਰ ਵਧਾਇਆ ਹੈ। ਉਹਨਾਂ ਕਿਹਾ ਕਿ ਇਹਨਾਂ ਗਰੁੱਪਾਂ ਵੱਲੋਂ ਵਨਸਪਤੀ ਤੋਂ ਜੋ ਔਰਗੈਨਿਕ ਸਮਾਨ ਤਿਆਰ ਕੀਤਾ ਜਾਂਦਾ ਹੈ ਅਤੇ ਜਿਹੜਾ ਜੀਵਨ ਦੇ ਅੰਦਰ ਕੋਈ ਵੀ ਨੁਕਸਾਨ ਮਨੁੱਖ ਨੂੰ ਨਹੀਂ ਪਹੁੰਚਾਉਂਦਾ ਪ੍ਰਸ਼ੰਸਾ ਯੋਗ ਹੈ। ਉਹਨਾਂ ਕਿਹਾ ਕਿ ਅਜਿਹੇ ਮੇਲੇ ਦੇ ਦੌਰਾਨ ਇਹਨਾਂ ਮਹਿਲਾਵਾਂ ਨੂੰ ਆਰਥਿਕ ਤੌਰ ਤੇ ਸਹਾਇਤਾ ਕਰਨ ਦੇ ਲਈ ਵੱਖ-ਵੱਖ ਬੈਂਕਾਂ ਵੱਲੋਂ ਵੀ ਸਟਾਲ ਲਗਾਏ ਗਏ ਹਨ ਜੋ ਇਹਨਾਂ ਦੇ ਹੌਸਲੇ ਨੂੰ ਹੋਰ ਵੀ ਵਧਾਉਂਦਾ ਹੈ। ਅੱਜ ਸਖੀ ਸ਼ਕਤੀ ਮੇਲੇ ਦੌਰਾਨ ਪੰਜਾਬ ਦੇ ਪ੍ਰਸਿੱਧ ਗਾਇਕ ਸੁਭਾਸ਼ ਸੂਫੀ ਜੀ ਵੱਲੋਂ ਰੰਗਾ ਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਅਤੇ ਹਾਜਰ ਹੋਰ ਮਹਿਮਾਨਾਂ ਨੂੰ ਯਾਦਗਾਰ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜੇਸ਼ ਕੁਮਾਰ ਮਨਜੀਤ ਗੀਤੂ ਅਨੁਰਾਧਾ ਜੋਤੀ ਸੁਰਿੰਦਰ ਆਜ਼ਾਦਵਿੰਦਰ ਰਜਿੰਦਰ ਨਿਤਿਸ਼ ਰਜੇਸ਼ ਅਤੇ ਹੋਰ ਸਮੂਹ ਸਟਾਫ ਵੀ ਹਾਜ਼ਰ ਸੀ।




★ ਜਾਰੀ ਕਰਤਾ ★

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243